

ਰਾਗ ਸਰੂਪ ਨਿਰਣੈ:

# ਸ਼੍ਰੀ ਗੁਰੂ ਗ੍ਰੰਥ ਸਾਹਿਬ

VISMAAD NAAD





ਸੰਪਾਦਕ

ਪ੍ਰਿੰ. ਸੁਖਵੰਤ ਸਿੰਘ

ਗੁਰਮਤਿ ਸੰਗੀਤ

ਦੀ ਪੂਰਨ ਗੁਰ ਮਰਿਯਾਦਾ

ਅਨੁਸਾਰ ਸ਼ਬਦ ਕੀਰਤਨ ਲਈ

ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੇ

ਅਵਸਰ ਉੱਤੇ ਗਠਿਤ ਰਾਗ ਨਿਰਣਾਇਕ

ਕਮੇਟੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ

੩੧ ਮੁੱਖ ਰਾਗਾਂ ਤੇ ੩੧ ਰਾਗ ਪ੍ਰਕਾਰਾਂ ਦੇ ਨਿਰਧਾਰਤ ਸਰੂਪ।

# ਰਾਗ ਸਰੂਪ ਨਿਰਣੈ :
# ਸ੍ਰੀ ਗੁਰੂ ਗ੍ਰੰਥ ਸਾਹਿਬ

ਸੰਪਾਦਕ

ਭਾਈ ਸੁਖਵੰਤ ਸਿੰਘ

ਵਿਸਮਾਦੁ ਨਾਦ

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼

ਜਵੱਦੀ ਟਕਸਾਲ

ਲੁਧਿਆਣਾ-141003

# *Raag Sarup Nirnai :*
# *Sri Guru Granth Sahib*


ਸੰਪਾਦਕ : ਭਾਈ ਸੁਖਵੰਤ ਸਿੰਘ
ਪ੍ਰਿੰਸੀਪਲ, ਗੁਰਸ਼ਬਦ ਸੰਗੀਤ ਅਕੈਡਮੀ
ਜਵੱਦੀ ਟਕਸਾਲ
98150-71645

ਦੂਜੀ ਵਾਰ : 2007

ਕੀਮਤ : 30/-

© ਪ੍ਰਕਾਸ਼ਕ : ਸੰਤ ਗਿਆਨੀ ਅਮੀਰ ਸਿੰਘ
ਮੁਖੀ, ਜਵੱਦੀ ਟਕਸਾਲ, ਲੁਧਿਆਣਾ
ਗੁਰਦੁਆਰਾ ਗੁਰ ਗਿਆਨ ਪ੍ਰਕਾਸ਼
ਜਵੱਦੀ ਟਕਸਾਲ, ਲੁਧਿਆਣਾ-141013, ਪੰਜਾਬ, ਭਾਰਤ
ਫੋਨ : 0161-2562596, ਫੈਕਸ: 2560533
Email : jawaddi.taksal@gmail.com
Website : www.jawadditaksal.org

ਸੋਧਕ : ਸ਼ਮਸ਼ੇਰ ਸਿੰਘ ਕਰੀਰ (ਰਿਟਾ. ਪ੍ਰਿੰਸੀਪਲ)

ਛਾਪਕ : ਸਵਾਮੀ ਪ੍ਰਿੰਟਰਜ਼, ਲੁਧਿਆਣਾ ਫੋਨ : 0161-2306633

ਅਦਾਰਾ ਵਿਸਮਾਦੁ ਨਾਦ ਵੱਲੋਂ ਪ੍ਰਕਾਸ਼ਿਤ ਪੁਸਤਕਾਂ
ਸਿੰਘ ਬ੍ਰਦਰਜ਼ ਅੰਮ੍ਰਿਤਸਰ ਤੋਂ ਵੀ ਮਿਲ ਸਕਦੀਆਂ ਹਨ

# ਤਤਕਰਾ

## 31 ਸ਼ੁੱਧ ਰਾਗ


1 ਸਿਰੀ ਰਾਗ 9
2 ਮਾਝ 9
3 ਗਉੜੀ 9
4 ਆਸਾ 10
5 ਗੂਜਰੀ 10
6 ਦੇਵਗੰਧਾਰੀ 11
7 ਬਿਹਾਗੜਾ 11
8 ਵਡਹੰਸ 11
9 ਸੋਰਠਿ 12
10 ਧਨਾਸਰੀ 12
11 ਜੈਤਸਰੀ 12
12 ਟੋਡੀ 13
13 ਬੈਰਾੜੀ 13
14 ਤਿਲੰਗ 14
15 ਸੂਹੀ 14
16 ਬਿਲਾਵਲ 14
17 ਗੋਂਡ 15
18 ਰਾਮਕਲੀ 15
19 ਨਟ ਨਾਰਾਇਣ 15
20 ਮਾਲੀ ਗਉੜਾ 16
21 ਮਾਰੂ 16
22 ਤੁਖਾਰੀ 17
23 ਕੇਦਾਰਾ 17
24 ਭੈਰਉ 17
25 ਬਸੰਤ 18
26 ਸਾਰੰਗ 18
27 ਮਲ੍ਹਾਰ 19
28 ਕਾਨੜਾ 19
29 ਕਲਿਆਣ 19
30 ਪ੍ਰਭਾਤੀ 20
31 ਜੈਜਾਵੰਤੀ 20


## 31 ਮਿਸ਼ਰਤ ਰਾਗ


32 ਗਉੜੀ ਗੁਆਰੇਰੀ 21
33 ਗਉੜੀ ਦਖਣੀ 21
34 ਗਉੜੀ ਚੇਤੀ 21
35 ਗਉੜੀ ਬੈਰਾਗਣਿ 22
36 ਗਉੜੀ ਦੀਪਕੀ 22
37 ਗਉੜੀ ਪੂਰਬੀ ਦੀਪਕੀ 23
38 ਗਉੜੀ ਪੂਰਬੀ 23
39 ਗਉੜੀ ਮਾਝ 23
40 ਗਉੜੀ ਮਾਲਵਾ 24
41 ਗਉੜੀ ਮਾਲਾ 24
42 ਗਉੜੀ ਸੋਰਠਿ 24
43 ਆਸਾ ਕਾਫਿ 25
44 ਆਸਾਵਰੀ 25
45 ਆਸਾਵਰੀ ਸੁਧੰਗ 26
46 ਦੇਵਗੰਧਾਰ 26
47 ਵਡਹੰਸ ਦਖਣੀ 26
48 ਤਿਲੰਗ ਕਾਫਿ 27
49 ਸੂਹੀ ਕਾਫਿ 27
50 ਸੂਹੀ ਲਲਿਤ 27
51 ਬਿਲਾਵਲ ਦਖਣੀ 28
52 ਬਿਲਾਵਲ ਮੰਗਲ 28
53 ਬਿਲਾਵਲ ਗੋਂਡ 29
54 ਰਾਮਕਲੀ ਦਖਣੀ 29
55 ਨਟ 29
56 ਮਾਰੂ ਕਾਫਿ 30
57 ਮਾਰੂ ਦਖਣੀ 30
58 ਬਸੰਤ ਹਿੰਡੋਲ 31
59 ਕਲਿਆਣ ਭੁਪਾਲੀ 31
60 ਪ੍ਰਭਾਤੀ ਬਿਭਾਸ 31
61 ਬਿਭਾਸ ਪ੍ਰਭਾਤੀ 32
62 ਪ੍ਰਭਾਤੀ ਦਖਣੀ 32

## 31 ਮੁੱਖ ਰਾਗ - ਗਾਇਨ ਸਮਾਂ ਸੂਚੀ

**ਦਿਨ ਦਾ ਪਹਿਲਾ ਪਹਿਰ**

ਆਸਾ (ਸਵੇਰ ਤੇ ਸ਼ਾਮ), ਰਾਮਕਲੀ, ਭੈਰਉ, [ਬਸੰਤ (ਬਸੰਤ ਰੁੱਤ ਵਿੱਚ ਹਰ ਸਮੇਂ)]
ਪ੍ਰਭਾਤੀ

**ਦਿਨ ਦਾ ਦੂਜਾ ਪਹਿਰ**

ਗੂਜਰੀ, ਦੇਵਗੰਧਾਰੀ, ਟੋਡੀ, ਸੂਹੀ, ਬਿਲਾਵਲ, ਗੋਂਡ, ਵਡਹੰਸ,

**ਦਿਨ ਦਾ ਤੀਸਰਾ ਪਹਿਰ**

ਧਨਾਸਰੀ, ਤਿਲੰਗ, ਮਾਰੂ, ਸਾਰੰਗ

**ਦਿਨ ਦਾ ਚੌਥਾ ਪਹਿਰ**

ਜੈਤਸਰੀ, ਬੈਰਾੜੀ, ਮਾਲੀ ਗਉੜਾ, ਤੁਖਾਰੀ

**ਰਾਤ ਦਾ ਪਹਿਲਾ ਪਹਿਰ**

ਸਿਰੀ ਰਾਗ, ਮਾਝ, ਗਉੜੀ, ਆਸਾ (ਸਵੇਰ ਤੇ ਸ਼ਾਮ), ਕੇਦਾਰਾ, ਕਲਿਆਣ

**ਰਾਤ ਦਾ ਦੂਜਾ ਪਹਿਰ**

ਬਿਹਾਗੜਾ, ਸੋਰਠਿ, ਨਟ-ਨਾਰਾਇਣ, ਕਾਨੜਾ, ਜੈਜਾਵੰਤੀ

**ਰਾਤ ਦਾ ਤੀਜਾ ਪਹਿਰ**

ਮਲ੍ਹਾਰ (ਵਰਖਾ ਰੁੱਤ ਵਿੱਚ ਹਰ ਸਮੇਂ)

## 31 ਮਿਸ਼ਰਤ ਰਾਗ - ਗਾਇਨ ਸਮਾਂ ਸੂਚੀ

**ਦਿਨ ਦਾ ਪਹਿਲਾ ਪਹਿਰ**

ਗਉੜੀ ਦਖਣੀ, ਗਉੜੀ ਬੈਰਾਗਣਿ, ਬਿਲਾਵਲ ਮੰਗਲ, ਮਾਰੂ ਦਖਣੀ, ਬਸੰਤ ਹਿੰਡੋਲ (ਬਸੰਤ ਰੁੱਤ ਵਿੱਚ ਹਰ ਸਮੇਂ), ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ, ਪ੍ਰਭਾਤੀ ਦਖਣੀ

**ਦਿਨ ਦਾ ਦੂਜਾ ਪਹਿਰ**

ਆਸਾਵਰੀ, ਆਸਾਵਰੀ ਸੁਧੰਗ, ਦੇਵਗੰਧਾਰ, ਸੂਹੀ ਕਾਫੀ, ਸੂਹੀ ਲਲਿਤ, ਬਿਲਾਵਲ ਗੋਂਡ

**ਦਿਨ ਦਾ ਤੀਜਾ ਪਹਿਰ**

ਵਡਹੰਸ ਦਖਣੀ, ਬਿਲਾਵਲ ਦਖਣੀ

**ਦਿਨ ਦਾ ਚੌਥਾ ਪਹਿਰ**

ਗਉੜੀ ਮਾਲਵਾ

**ਰਾਤ ਦਾ ਪਹਿਲਾ ਪਹਿਰ**

ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਾ, ਗਉੜੀ ਸੋਰਠਿ, ਆਸਾ ਕਾਫੀ, ਰਾਮਕਲੀ ਦਖਣੀ, ਮਾਰੂ ਕਾਫੀ, ਕਲਿਆਣ ਭੁਪਾਲੀ

**ਰਾਤ ਦਾ ਦੂਜਾ ਪਹਿਰ**

ਤਿਲੰਗ ਕਾਫੀ, ਨਟ

# ਰਾਗ ਸਰੂਪ ਨਿਰਣੈ : ਸ੍ਰੀ ਗੁਰੂ ਗ੍ਰੰਥ ਸਾਹਿਬ

ਸਤਿਗੁਰੂ ਨੇ ਆਪਣੀ ਅਪਾਰ ਕਿਰਪਾ ਦੁਆਰਾ ਸੰਤ ਬਾਬਾ ਸੁੱਚਾ ਸਿੰਘ ਜੀ ਤੋਂ ਗੁਰਮਤਿ ਸੰਗੀਤ ਦੀ ਸੇਵਾ ਲੈਣ ਲਈ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਪ੍ਰੇਰਨਾ ਬਖ਼ਸ਼ੀ। ਸਿੱਖ ਜਗਤ ਦੇ ਮਹਾਂਪੁਰਸ਼ਾਂ ਵਿਦਵਾਨਾਂ ਅਤੇ ਸੰਤਾਂ ਨਾਲ ਵੱਖ ਵੱਖ ਸਮੇਂ ਵਿਚਾਰ-ਵਟਾਂਦਰੇ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਦਰਸਾਏ ਗੁਰਮਤਿ ਸੰਗੀਤ ਦੇ ਰਾਗਮਈ ਸ਼ਬਦ ਕੀਰਤਨ ਨੂੰ ਪੂਰਨ ਗੁਰ-ਮਰਿਆਦਾ ਅਨੁਸਾਰ ਪ੍ਰਚਾਰਨ ਪ੍ਰਸਾਰਨ ਦਾ ਸੰਕਲਪ ਸਾਹਮਣੇ ਆਇਆ। ਇਸ ਸੰਕਲਪ ਦੀ ਪੂਰਤੀ ਲਈ ਕੀਤੇ ਗਏ ਆਰੰਭਿਕ ਜਤਨਾਂ ਵਿੱਚ ਹੀ ਇਹ ਗੱਲ ਉਘੜ ਕੇ ਸਾਹਮਣੇ ਆ ਗਈ ਸੀ ਕਿ ਸਿੱਖ ਜਗਤ ਦੇ ਕੀਰਤਨੀਆਂ ਅਤੇ ਭਾਰਤੀ ਸੰਗੀਤਚਾਰੀਆਂ ਅਤੇ ਸੰਗੀਤ ਵਿਦਵਾਨਾਂ ਵਿੱਚ ਰਾਗਾਂ ਦੇ ਸਰੂਪਾਂ ਸਬੰਧੀ ਕਾਫ਼ੀ ਵਖਰੇਵੇਂ ਪਾਏ ਜਾਂਦੇ ਹਨ। ਰਾਗਾਂ ਦੇ ਇਹਨਾਂ ਸਰੂਪਾਂ ਦੇ ਮੂਲ ਸਰੋਤ ਸਿੱਖ ਧਰਮ ਦੇ ਵੱਖ ਵੱਖ ਗ੍ਰੰਥ ਹਵਾਲਾ ਪੁਸਤਕਾਂ, ਕੀਰਤਨੀ ਟਕਸਾਲਾਂ ਦੀ ਕਿਰਿਆਤਮਕ ਵਿੱਦਿਆ, ਰਾਗੀਆਂ ਰਬਾਬੀਆਂ ਦੀ ਸਿਮ੍ਰਤੀ ਵਿੱਚ ਅੰਕਤ ਸ਼ਬਦ ਬੰਦਸ਼ਾਂ ਅਤੇ ਸੰਗੀਤ ਵਿਦਵਾਨਾਂ ਦੁਆਰਾ ਸੁਰਲਿਪੀਬੱਧ ਕੀਤੀਆਂ ਗਈਆਂ ਸੰਗੀਤ ਰਚਨਾਵਾਂ ਅਤੇ ਭਾਰਤੀ ਸੰਗੀਤ ਦੇ ਪੁਰਾਤਨ ਤੇ ਵਰਤਮਾਨ ਸੰਗੀਤ ਗ੍ਰੰਥ ਹੀ ਸਨ। ਵਿਦਵਾਨਾਂ ਦੁਆਰਾ ਕੀਤੇ ਗਏ ਇਹਨਾਂ ਰਾਗ ਸਰੋਤਾਂ ਦੇ ਗਹਿਰੇ ਮੰਥਨ ਨੂੰ ਰਾਗ ਨਿਰਣਾਇਕ ਕਮੇਟੀ ਦੇ ਰੂਪ ਵਿੱਚ ਚਿਤਵਿਆ ਗਿਆ ਤਾਂ ਜੋ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਮੌਕੇ ਤੇ ਸਮੂਹ ਕੀਰਤਨੀਏ ਸਰਬ ਸੰਮਤ ਹੋ ਕੇ ਇਹਨਾਂ ਰਾਗ ਸਰੂਪਾਂ ਦਾ ਕੀਰਤਨ ਕਰਨ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਅਕਤੂਬਰ 1991 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗਾਂ ਵਿੱਚ ਬਵੰਜਾ (52) ਕੀਰਤਨੀਆਂ ਨੇ ਅਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1992 ਵਿੱਚ ਪੰਝੱਤਰ (75) ਤੋਂ ਵੱਧ ਕੀਰਤਨੀਆਂ ਨੇ ਮਿਸ਼ਰਤ ਰਾਗਾਂ ਭਾਵ ਰਾਗ ਪ੍ਰਕਾਰਾਂ ਦਾ ਗਾਇਨ ਕੀਤਾ। ਜਿਸ ਤੋਂ ਇਹਨਾਂ ਰਾਗਾਂ ਦੀ ਸਰਬ ਪ੍ਰਵਾਣਿਤਾ ਤੇ ਨਿਰਧਾਰਣ ਨੂੰ ਸਿਧਾਂਤਕ ਤੇ ਵਿਵਹਾਰਕ ਰੂਪ ਵਿੱਚ ਪ੍ਰਮਾਣਿਕਤਾ ਪ੍ਰਾਪਤ ਹੋਈ।

ਸੰਤ ਬਾਬਾ ਸੁੱਚਾ ਸਿੰਘ ਜੀ ਨੇ ਸੰਨ 1991 ਤੋਂ ਰਾਗ ਨਿਰਣਾਇਕ ਕਮੇਟੀ ਦਾ ਗਠਨ ਕੀਤਾ। ਸੰਗੀਤ ਮਾਰਤੰਡ ਪੰਡਿਤ ਦਲੀਪ ਚੰਦਰ ਬੇਦੀ ਜੀ ਨੂੰ ਇਸ ਕਮੇਟੀ ਦਾ ਮੁਖੀ ਥਾਪਿਆ ਗਿਆ ਜਿਨ੍ਹਾਂ ਜਿੱਥੇ ਸੰਗੀਤ ਵਿਦਵਾਨਾਂ ਦੁਆਰਾ ਦਿੱਤੀਆਂ ਗਈਆਂ ਸਮੂਹ ਵਿਚਾਰਾਂ ਨੂੰ ਆਪਣੀ ਵਿਦਵਤਾ ਦੁਆਰਾ ਸੋਧ ਦਿੱਤੀ ਉੱਥੇ ਆਪਣੇ ਅਨੂਠੇ ਰਾਗ ਗਿਆਨ ਤੇ ਰਾਗ ਸਿਮ੍ਰਤੀ ਵਿੱਚੋਂ ਪੁਰਾਤਨ ਤੇ ਸਹੀ ਸਰੂਪਾਂ ਦਾ ਨਿਰਧਾਰਣ ਵੀ ਕੀਤਾ। ਰਾਗ ਨਿਰਣਾਇਕ ਕਮੇਟੀ ਇਸ ਪ੍ਰਕਾਰ ਸੀ।

ਸੰਤ ਬਾਬਾ ਸੁੱਚਾ ਸਿੰਘ ਜੀ (ਸਰਪ੍ਰਸਤ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ), ਪੰਡਿਤ ਦਲੀਪ ਚੰਦਰ ਜੀ ਬੇਦੀ ਦਿੱਲੀ (ਮੁਖੀ ਰਾਗ ਨਿਰਣਾਇਕ ਕਮੇਟੀ),

ਪ੍ਰਿੰ. ਰਜਿੰਦਰ ਸਿੰਘ ਜੀ ਲਖਨਊ (ਮੁੱਖ ਸਲਾਹਕਾਰ ਰਾਗ ਦਰਬਾਰ ਕਮੇਟੀ), ਭਾਈ ਅਵਤਾਰ ਸਿੰਘ ਜੀ ਦਿੱਲੀ, ਭਾਈ ਤੇਜਪਾਲ ਸਿੰਘ ਜੀ (ਸਿੰਘ ਬੰਧੂ) ਦਿੱਲੀ, ਭਾਈ ਪ੍ਰਿਥੀਪਾਲ ਸਿੰਘ ਜੀ ਕੰਗ, ਇੰਦੌਰ, ਭਾਈ ਬਲਬੀਰ ਸਿੰਘ ਜੀ ਅੰਮ੍ਰਿਤਸਰ, ਡਾ. ਅਜੀਤ ਸਿੰਘ ਜੀ ਪੈਂਤਲ ਦਿੱਲੀ, ਪ੍ਰਿੰ. ਬਲਦੇਵ ਸਿੰਘ ਜੀ ਦਿੱਲੀ, ਪ੍ਰੋ. ਕਰਤਾਰ ਸਿੰਘ ਜੀ ਲੁਧਿਆਣਾ, ਪ੍ਰੋ. ਪਰਮਜੋਤ ਸਿੰਘ ਮੁਲਾਂਪੁਰ, ਪ੍ਰੋ. ਚਰਨਜੀਤ ਸਿੰਘ ਜੀ ਲੁਧਿਆਣਾ, ਪ੍ਰਿੰ. ਚੰਨਣ ਸਿੰਘ ਜੀ ਮਜਬੂਰ, ਉਸਤਾਦ ਜਸਵੰਤ ਸਿੰਘ ਜੀ ਭੰਵਰਾ, ਬੀਬੀ ਜਸਬੀਰ ਕੌਰ ਜੀ ਖ਼ਾਲਸਾ ਲੁਧਿਆਣਾ, ਪ੍ਰਿੰਸੀਪਲ ਸ਼ਮਸ਼ੇਰ ਸਿੰਘ ਜੀ ਕਰੀਰ ਪਟਿਆਲਾ, ਡਾ. ਜਾਗੀਰ ਸਿੰਘ ਚੰਡੀਗੜ੍ਹ, ਪ੍ਰੋ. ਹਰਚੰਦ ਸਿੰਘ ਜੀ, ਪ੍ਰੋ. ਅਵਤਾਰ ਸਿੰਘ 'ਨਾਜ਼' ਅਤੇ ਡਾ. ਗੁਰਨਾਮ ਸਿੰਘ ਜੀ ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਉਕਤ ਸੰਗੀਤ ਵਿਦਵਾਨਾਂ, ਰਾਗੀਆਂ, ਰਬਾਬੀਆਂ ਅਤੇ ਸੰਗੀਤ ਵਿਗਿਆਨੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਅਤੇ ਰਾਗ ਪ੍ਰਕਾਰਾਂ ਦੇ ਸਰੂਪਾਂ ਪ੍ਰਤੀ ਵਿਚਾਰ ਚਰਚਾ ਉਪਰੰਤ ਭਾਰਤੀ ਸੰਗੀਤ ਦੇ ਉਪਲੱਬਧ ਗ੍ਰੰਥਾਂ, ਗੁਰਮਤਿ ਸੰਗੀਤ ਦੇ ਗ੍ਰੰਥਾਂ ਅਤੇ ਪੁਰਾਤਨ ਰਿਕਾਰਡਿੰਗ ਸ਼ਬਦ ਰੀਤਾਂ ਨੂੰ ਆਧਾਰ ਮੰਨਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗ ਅਤੇ ਰਾਗ ਪ੍ਰਕਾਰਾਂ ਨੂੰ ਪ੍ਰਵਾਣਿਤ ਤੇ ਪ੍ਰਮਾਣਿਕ ਰੂਪ ਦਿੱਤੇ ਇਸ ਵਿਚਾਰ ਵਟਾਂਦਰੇ ਦੇ ਕੁਝ ਅੰਸ਼ ਇਸ ਪ੍ਰਕਾਰ ਹਨ:

ਰਾਗ ਦੇਵਗੰਧਾਰ, ਭਾਰਤੀ ਸੰਗੀਤ ਵਿੱਚ ਅਪ੍ਰਚਲਿਤ ਤੇ ਕਠਿਨ ਰਾਗਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਜਿਵੇਂ ਕਿ ਇਸਦੇ ਨਾਮ ਤੋਂ ਹੀ ਪਤਾ ਲਗਦਾ ਹੈ ਕਿ ਇਸ ਵਿੱਚ ਦੋਵੇਂ ਗੰਧਾਰ ਪ੍ਰਯੋਗ ਹੁੰਦੇ ਹਨ। ਪਰ ਰਾਗ ਦੇਵਗੰਧਾਰ ਦਾ ਇਕ ਹੀ ਸ਼ਬਦ ਮਹਲਾ ੪ ਦਾ 'ਅਪੁਨੇ ਹਰਿ ਪਹਿ ਬਿਨਤੀ ਕਹੀਐ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ ੩੨੦ ਤੇ ਹੈ। ਹੋਰ ਬਾਣੀ ਰਾਗ ਦੇਵਗੰਧਾਰੀ ਦੇ ਸਿਰਲੇਖ ਹੇਠ ਹੈ। ਰਾਗ ਦੇ ਦੇਵਗੰਧਾਰੀ ਦਾ ਸਰੂਪ ਭਾਰਤੀ ਸੰਗੀਤ ਵਿੱਚ ਉਪਲੱਬਧ ਨਹੀਂ ਹੈ। ਗੁਰਮਤਿ ਸੰਗੀਤ ਦੇ ਗ੍ਰੰਥਾਂ ਤੋਂ ਬਿਨਾਂ ਕੁਝ ਰਿਕਾਰਡਿੰਗ ਬੰਦਸ਼ਾਂ ਸੁਣੀਆਂ ਗਈਆਂ। ਬੇਦੀ ਜੀ ਨੇ ਆਪ ਇਸ ਰਾਗ ਦਾ ਸਹੀ ਸਰੂਪ ਗਾਇਨ ਕਰਕੇ ਦੱਸਿਆ। ਇਸ ਰਾਗ ਵਿੱਚ ਦੋਨੋਂ ਧੈਵਤ, ਦੋਨੋਂ ਨਿਸ਼ਾਦ ਦਾ ਪ੍ਰਯੋਗ ਹੈ। ਆਰੋਹ ਵਿੱਚ ਆਸਾ ਰਾਗ ਤੇ ਅਵਰੋਹ ਵਿੱਚ ਆਸਾਵਰੀ ਦਾ ਇਹ ਇਕ ਸੁੰਦਰ ਮਿਸ਼ਰਨ ਹੈ। ਗੁਰਮਤਿ ਸੰਗੀਤ ਦੇ ਗ੍ਰੰਥਕਾਰਾਂ ਨੇ ਵੀ ਇਸ ਸਰੂਪ ਨੂੰ ਪੁਰਾਤਨ ਤੇ ਠੀਕ ਮੰਨਿਆ ਹੈ ਤੇ ਇਸ ਸਰੂਪ ਦੀਆਂ ਪੁਰਾਤਨ ਸ਼ਬਦ ਬੰਦਸ਼ਾਂ ਦੀ ਰਿਕਾਰਡਿੰਗ ਵੀ ਸੁਣੀਆਂ ਗਈਆਂ ਅਤੇ ਇਸ ਤੋਂ ਬਿਨਾਂ ਪੰਡਿਤ ਦਲੀਪ ਚੰਦਰ ਬੇਦੀ ਜੀ ਦੀ ਰਾਹੀਂ ਇਸ ਸਰੂਪ ਨੂੰ ਹੀ

ਪ੍ਰਵਾਨ ਕੀਤਾ ਗਿਆ। ਇਸ ਤਰ੍ਹਾਂ ਹੀ ਰਾਗ ਮਾਰੂ ਦੇ ਸਰੂਪ ਬਾਰੇ ਸਪੱਸ਼ਟਤਾ ਨਹੀਂ ਹੋ ਰਹੀ ਸੀ। ਬੇਦੀ ਜੀ ਨੇ ਇਸ ਰਾਗ ਦਾ ਸਹੀ ਸਰੂਪ ਭਾਈ ਛੈਲ ਰਬਾਬੀ ਦੀ ਕੋਈ ੬੦ ਸਾਲ ਪਹਿਲਾਂ ਦੀ ਗਾਈ ਹੋਈ ਬੰਦਿਸ਼ 'ਆਵਣ ਜਾਣ ਰਹਿਓ' ਦਾ ਗਾਇਨ ਕਰਕੇ ਰਾਗ ਦੇ ਸਰੂਪ ਨੂੰ ਨਿਖੇੜਿਆ। ਉਹਨਾਂ ਇਹ ਵੀ ਦੱਸਿਆ ਕਿ ਅੰਮ੍ਰਿਤਸਰ ਵਿੱਚ ਇਹ ਸ਼ਬਦ ਗੀਤ ਰਬਾਬੀ ਆਮ ਕਰਕੇ ਕਿਸੇ ਪ੍ਰਾਣੀ ਦੇ ਮ੍ਰਿਤਕ ਸਮੇਂ ਸ਼ਮਸ਼ਾਨ ਭੂਮੀ ਵਿੱਚ ਗਾਇਆ ਕਰਦੇ ਸਨ। ਇਸ ਰਾਗ ਵਿੱਚ ਦੋਵੇਂ ਮਧਿਅਮ, ਦੋਵੇਂ ਧੈਵਤ, ਦੋਵੇਂ ਨਿਸ਼ਾਦ ਦਾ ਉਹਨਾਂ ਨੇ ਪ੍ਰਯੋਗ ਕੀਤਾ ਤੇ ਇਸ ਸਰੂਪ ਨੂੰ ਹੀ ਮਾਰੂ ਦਾ ਸਰੂਪ ਮੰਨਿਆ ਗਿਆ। ਭਾਰਤੀ ਸੰਗੀਤ ਵਿੱਚ ਬਸੰਤ ਦਾ ਪ੍ਰਚਲਿਤ ਸਰੂਪ ਪੂਰਵੀ ਥਾਟ ਤੋਂ ਮੰਨਿਆ ਜਾਂਦਾ ਹੈ। ਪਰ ਇਹ ਮਹਿਸੂਸ ਕੀਤਾ ਗਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿੱਚ ਰਾਗ ਬਸੰਤ ਦਾ ਜੋ ਪੁਰਾਤਨ ਸਰੂਪ ਚਲਿਆ ਆ ਰਿਹਾ ਹੈ ਉਸਨੂੰ ਹੀ ਪ੍ਰਚਾਰ ਵਿੱਚ ਲਿਆਂਦਾ ਜਾਏ। ਅੱਜ ਵੀ ਪੁਰਾਣੇ ਤੇ ਸਿਆਣੇ ਰਾਗੀ ਸਿੰਘ ਬਸੰਤ ਦੇ ਇਸ ਸਰੂਪ ਵਿੱਚ ਹੀ ਸ਼ਬਦ ਗਾਇਨ ਕਰਦੇ ਹਨ। ਇਹ ਬਿਲਾਵਲ ਥਾਟ ਦਾ ਰਾਗ ਹੈ, ਸਾਰੇ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ। ਜਾਤੀ ਔੜਵ-ਸੰਪੂਰਨ ਹੈ ਤੇ ਇਸ ਵਿੱਚ ਮਧਿਅਮ-ਸ਼ੜਜ ਦਾ ਸੰਵਾਦ ਹੈ। ਰਾਗ ਬਸੰਤ ਦੇ ਇਸ ਸਰੂਪ ਨੂੰ ਦੇਸ਼ ਦੇ ਮਹਾਨ ਕਲਾਕਾਰ ਪੰਡਿਤ ਜਸਰਾਜ ਜੀ ਨੇ 1996 ਆਲ ਇੰਡੀਆ ਰੇਡਿਓ ਦੇ ਨੈਸ਼ਨਲ ਪ੍ਰੋਗਰਾਮ ਵਿੱਚ ਗਾਇਨ ਕੀਤਾ ਤੇ ਇਸਨੂੰ ਆਦੀ ਬਸੰਤ ਦਾ ਨਾਮ ਦਿੱਤਾ ਤੇ ਇਸ ਸਰੂਪ ਨੂੰ ਹੀ ਪ੍ਰਵਾਨਿਆ ਗਿਆ। ਰਾਗ ਮਾਝ, ਭਾਰਤੀ ਸੰਗੀਤ ਦੇ ਪ੍ਰਚਾਰ ਵਿੱਚ ਨਹੀਂ ਹੈ। ਇਹ ਰਾਗ ਪੰਜਾਬ ਦੇ ਮਾਝੇ ਦੇ ਇਲਾਕੇ ਦੀ ਲੋਕ-ਧੁਨ ਤੇ ਅਧਾਰਿਤ ਹੈ ਤੇ ਗੁਰੂ ਸਾਹਿਬਾਨ ਦੀ ਹੀ ਇਹ ਮਹਾਨ ਦੇਣ ਹੈ। ਖਮਾਜ ਥਾਟ ਤੋਂ ਇਸ ਰਾਗ ਦੀ ਉਪਜ ਮੰਨੀ ਗਈ ਹੈ। ਇਸ ਵਿੱਚ ਦੋਨੋਂ ਗੰਧਾਰ, ਦੋਨੋਂ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਾਤੀ ਔੜਵ-ਸੰਪੂਰਨ, ਅਰੋਹ ਵਿੱਚ ਗੰਧਾਰ ਤੇ ਧੈਵਤ ਵਰਜਿਤ ਤੇ ਰਿਸ਼ਭ-ਪੰਚਮ ਦਾ ਸੰਵਾਦ ਹੈ। ਸੋ ਰਾਗ ਮਾਝ ਦਾ ਇਹੀ ਸਰੂਪ ਮੰਨਿਆ ਗਿਆ। ਰਾਗ ਤੁਖਾਰੀ ਭਾਰਤੀਯ ਸੰਗੀਤ ਦੇ ਪ੍ਰਚਲਿਤ ਰਾਗਾਂ ਦੀ ਗਨਣਾ ਵਿੱਚ ਨਹੀਂ ਹੈ। ਗੁਰਮਤਿ ਸੰਗੀਤ ਵਿੱਚ ਪ੍ਰਚਲਿਤ ਤੁਖਾਰੀ ਰਾਗ ਦਾ ਸਰੂਪ, ਰਾਗ ਮਧੂਵੰਤੀ ਵਿੱਚ ਪ ਧ ਨ਼ੀ ਧ ਪ ਜੋੜਨ ਨਾਲ ਤੁਖਾਰੀ ਦਾ ਸਰੂਪ ਬਣ ਜਾਂਦਾ ਹੈ ਤੇ ਉਸਨੂੰ ਹੀ ਪ੍ਰਵਾਨਿਆ ਗਿਆ ਹੈ। ਇਸ ਵਿੱਚ ਗੰਧਾਰ ਕੋਮਲ, ਮਧਿਅਮ ਤੀਵਰ, ਜਾਤੀ ਔੜਵ ਸੰਪੂਰਨ ਹੈ। ਰਾਗ ਸੂਹੀ ਬਾਰੇ ਕਈ ਵਿਦਵਾਨਾਂ ਨੇ ਰਾਗ ਸੂਹੀ ਜੋ ਕਾਨੜਾ ਦਾ ਇਕ ਪ੍ਰਕਾਰ ਹੈ, ਨੂੰ ਹੀ ਸੂਹੀ ਰਾਗ ਮੰਨਿਆ ਗਿਆ ਹੈ। ਪਰ ਰਾਗ ਸੂਹੀ ਦਾ ਆਪਣਾ ਵੱਖਰਾ ਸਰੂਪ ਹੈ, ਜੋ ਬਿਲਾਵਲ ਥਾਟ ਦਾ ਰਾਗ ਹੈ। ਅਵਰੋਹ ਵਿੱਚ ਨਿਸ਼ਾਦ ਕੋਮਲ ਦਾ ਪ੍ਰਯੋਗ ਹੁੰਦਾ ਹੈ। ਗੁਰਮਤਿ ਸੰਗੀਤ ਦੇ ਵਿਦਵਾਨਾਂ ਨੇ ਵੀ ਇਸ ਸਰੂਪ ਵਿੱਚ ਬੰਦਿਸ਼ਾਂ ਦਿੱਤੀਆਂ ਹਨ। ਸੋ ਇਸ

ਬਿਲਾਵਲ ਥਾਟ ਦੇ ਸੂਹੀ ਰਾਗ ਨੂੰ ਹੀ ਪ੍ਰਵਾਨਿਆ ਗਿਆ ਹੈ। ਰਾਗ ਗਉੜੀ ਨੂੰ ਪੂਰਵੀ ਅੰਗ ਤੇ ਭੈਰਵੀ ਅੰਗ ਦੋ ਪ੍ਰਕਾਰਾਂ ਨਾਲ ਗਾਇਆ ਜਾਂਦਾ ਹੈ। ਭਾਰਤੀ ਅਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਨੇ ਭੈਰਵ ਅੰਗ ਦੀ ਗਉੜੀ ਨੂੰ ਜ਼ਿਆਦਾ ਮਾਨਤਾ ਦਿੱਤੀ ਹੈ, ਇਸ ਲਈ ਭੈਰਵ ਅੰਗ ਔੜਵ-ਸੰਪੂਰਨ ਨੂੰ ਹੀ ਪ੍ਰਵਾਨਿਆ ਗਿਆ। ਗੁਰਮਤਿ ਸੰਗੀਤ ਵਿੱਚ ਰਾਗ ਕਾਨੜਾ ਦਾ ਵੀ ਆਪਣਾ ਇੱਕ ਵੱਖਰਾ ਹੀ ਸਰੂਪ ਹੈ, ਜੋ ਭਾਰਤੀ ਸੰਗੀਤ ਦੇ ਪ੍ਰਚਲਿਤ ਕਾਨੜੇ ਦੇ ਪ੍ਰਕਾਰਾਂ ਤੋਂ ਵੱਖਰਾ ਹੈ। ਇਸ ਵਿੱਚ ਗੰਧਾਰ ਕੋਮਲ, ਦੋਵੇਂ ਨਿਸ਼ਾਦ ਤੇ ਹੋਰ ਸਭ ਸੁਰ ਸ਼ੁੱਧ ਹਨ। ਧੈਵਤ ਵਰਜਿਤ ਹੋਣ ਕਾਰਨ ਜਾਤੀ ਸ਼ਾੜਵ-ਸ਼ਾੜਵ ਤੇ ਪੰਚਮ-ਸ਼ੜਜ਼ ਦਾ ਸੰਵਾਦ ਹੈ। ਰਾਗ ਸੋਰਠਿ, ਨਟ-ਨਰਾਇਣ, ਬੈਰਾੜੀ, ਮਾਲੀ ਗਉੜਾ, ਪ੍ਰਭਾਤੀ, ਭਾਰਤੀ ਸੰਗੀਤ ਵਿੱਚ ਅਪ੍ਰਚਲਿਤ ਰਾਗਾਂ ਦੀ ਗਣਨਾ ਵਿੱਚ ਆਉਂਦੇ ਹਨ। ਪਰ ਚੰਗੇ ਵਿਦਵਾਨ ਰਾਗੀ ਸਿੰਘ ਇਹਨਾਂ ਰਾਗਾਂ ਨੂੰ ਹੀ ਗਾਉਂਦੇ ਹਨ। ਇਹਨਾਂ ਰਾਗਾਂ ਦੇ ਸਰੂਪ ਵੀ ਪੁਰਾਤਨ ਸ਼ਬਦ ਰੀਤਾਂ ਤੇ ਗੁਰਮਤਿ ਸੰਗੀਤ ਦੇ ਗ੍ਰੰਥਾਂ ਨੂੰ ਅਧਾਰ ਮੰਨ ਕੇ ਕੀਤਾ ਗਿਆ। ਭਾਰਤੀ ਸੰਗੀਤ ਵਿੱਚ ਆਮ ਤੌਰ 'ਤੇ ਦੋ ਮੁੱਖ ਰਖ ਕੇ ਮਿਸ਼ਰਤ ਰਾਗਾਂ ਦਾ ਸਰੂਪ ਬਣਾਇਆ ਜਾਂਦਾ ਹੈ। ਕੁਝ ਰਾਗਾਂ ਵਿੱਚ ਇਕ ਰਾਗ ਪੂਰਵਾਂਗ ਵਿੱਚ ਤੇ ਦੂਜਾ ਰਾਗ ਉਤਰਾਂਗ ਵਿੱਚ ਹੋਣ ਨਾਲ ਮਿਸ਼ਰਤ ਰਾਗ ਦਾ ਸਰੂਪ ਬਣ ਜਾਂਦਾ ਹੈ। ਪਰ ਕੁਝ ਐਸੇ ਮਿਸ਼ਰਤ ਰਾਗ ਹਨ, ਜਿਨ੍ਹਾਂ ਵਿੱਚ ਪਹਿਲੇ ਰਾਗ ਦਾ ਅਰੋਹ ਤੇ ਦੂਜੇ ਦਾ ਅਵਰੋਹ ਲਿਆ ਜਾਂਦਾ ਹੈ। ਸੋ ਇਸ ਦੂਜੇ ਨਿਯਮ ਨੂੰ ਮੁੱਖ ਰੱਖ ਕੇ ਅਤੇ ਗੁਰਮਤਿ ਸੰਗੀਤ ਦੀਆਂ ਪੁਰਾਤਨ ਬੰਦਸ਼ਾਂ ਨੂੰ ਆਧਾਰ ਮੰਨ ਕੇ ਮਿਸ਼ਰਤ ਰਾਗਾਂ ਦੇ ਸਰੂਪਾਂ ਲਈ ਨਿਰਣੈ ਲਿਆ ਗਿਆ। ਇਸ ਸ਼੍ਰੇਣੀ ਵਿੱਚ ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਭੀ ਸੋਰਠਿ ਭੀ, ਆਸਾ ਕਾਫ਼ੀ, ਤਿਲੰਗ ਕਾਫ਼ੀ, ਸੂਹੀ ਕਾਫ਼ੀ, ਸੂਹੀ ਲਲਿਤ, ਬਿਲਾਵਲ ਗੌਂਡ, ਮਾਰੂ ਕਾਫ਼ੀ, ਬਸੰਤ ਹਿੰਡੋਲ, ਕਲਿਆਣ ਭੂਪਾਲੀ, ਪ੍ਰਭਾਤੀ ਬਿਭਾਸ ਤੇ ਬਿਭਾਸ ਪ੍ਰਭਾਤੀ ਇਨ੍ਹਾਂ ੪ ਰਾਗਾਂ ਵਿੱਚ ਪਹਿਲੇ ਰਾਗ ਦਾ ਆਰੋਹ ਤੇ ਦੂਜੇ ਦਾ ਅਵਰੋਹ ਲੈਣ ਨਾਲ ਸਰੂਪ ਨਿਸ਼ਚਿਤ ਹੋਏ। ਗਉੜੀ ਦੇ ਹੋਰ ਪ੍ਰਕਾਰ ਜਿਵੇਂ ਗਉੜੀ ਗੁਆਰੇਰੀ, ਗਉੜੀ ਬੈਰਾਗਣਿ, ਗਉੜੀ ਮਾਲਾ, ਗਉੜੀ ਮਾਲਵਾ, ਗਉੜੀ ਚੇਤੀ ਇਹ ਮਿਸ਼ਰਤ ਰਾਗਾਂ ਦੀ ਸ਼੍ਰੇਣੀ ਵਿੱਚ ਨਹੀਂ ਆਉਂਦੇ, ਕਿਉਂਕਿ ਇਹਨਾਂ ਦਾ ਆਪਣਾ ਇਕ ਸੁਤੰਤਰ ਹੀ ਸਰੂਪ ਬਣ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 844 ਤੇ "ਛੰਤ ਬਿਲਾਵਲੁ ਮਹਲਾ ੩ ਮੰਗਲ" ਅਤੇ ਅੰਗ 847 ਤੇ "ਬਿਲਾਵਲੁ ਮਹਲਾ ੪ ਛੰਤ ਮੰਗਲ" ਅੰਕਿਤ ਹੈ। ਇਸੇ ਤਰ੍ਹਾਂ ਹੀ ਬਿਲਾਵਲੁ ਰਾਗੁ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 845 ਤੇ ਇੱਕ ਛੰਤ ਉਪਲੱਬਧ ਹੁੰਦਾ ਹੈ ਜਿਸਦਾ ਆਰੰਭ ਹੈ "ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ"॥ ਇੱਥੇ ਵਿਸ਼ੇਸ਼ ਵਿਚਾਰਨ ਵਾਲੀ ਗੱਲ ਇਹ ਹੈ ਕਿ

ਇਸ ਛੰਤ ਦਾ ਆਰੰਭ ਵੀ "ਮੰਗਲ" ਸ਼ਬਦ ਤੋਂ ਹੈ ਪਰੰਤੂ ਫੇਰ ਵੀ ਮੰਗਲ ਸੰਕੇਤ ਨਹੀਂ ਹੈ। ਮੰਗਲ ਸੰਕੇਤ, ਸਿਰਲੇਖ ਜਾਂ ਸੂਚਨਾ ਇਸਦੇ ਗੰਭੀਰ ਅਧਿਐਨ ਵੱਲ ਸਾਡਾ ਧਿਆਨ ਆਕਰਸ਼ਿਤ ਕਰਦੀ ਹੈ। ਕੁਝ ਵਿਦਵਾਨ ਮੰਗਲ ਦਾ ਅਰਥ "ਖ਼ੁਸ਼ੀ ਦਾ ਗੀਤ" ਸਮਝਦੇ ਹਨ। ਬਿਲਾਵਲੁ ਸ਼ਬਦ ਦਾ ਅਰਥ ਵੀ ਖ਼ੁਸ਼ੀ ਹੈ ਪਰ ਇਹ ਇਕ ਪ੍ਰਸਿੱਧ ਰਾਗ ਵੀ ਹੈ। ਗੁਰਬਾਣੀ ਦੀਆਂ ਕਈ ਤੁਕਾਂ ਵਿੱਚ ਇਸ ਭਾਵ ਤੇ ਪ੍ਰਕਾਸ਼ ਪਾਇਆ ਗਿਆ ਹੈ। ਉਦਾਹਰਣ ਵਜੋਂ "ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮ॥" ਜਾਂ "ਦੂਜੈ ਭਾਇ ਬਿਲਾਵਲੁ ਨ ਹੋਵਈ ਮਨ ਮੁਖਿ ਥਾਇ ਨ ਪਾਇ॥" (ਸਲੋਕ ਮ: ੨, ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 849) ਡਾ. ਭਾਈ ਵੀਰ ਸਿੰਘ ਜੀ ਦਾ ਕਥਨ ਹੈ ਕਿ "ਜਿਥੇ ਕਿਸੇ ਇਕ ਰਾਗ ਵਿੱਚ ਹੋਰ ਰਾਗਣੀ ਸੰਕੀਰਣ ਕੀਤੀ ਹੈ ਉੱਥੇ ਸਿਰਲੇਖ ਵਿੱਚ ਸੂਚਨਾ ਦਿੱਤੀ ਹੈ ਜਿਵੇਂ ਕਿ ਮੰਗਲ, ਦਖਣੀ, ਮਾਲਵਾ, ਗੁਆਰੇਰੀ।" (ਪੁਸਤਕ ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ ਅੰਗ 32) ਇਸ ਤੋਂ ਇਲਾਵਾ ਇਕ ਹੋਰ ਹਵਾਲੇ ਤੋਂ ਇਹ ਗੱਲ ਸਪੱਸ਼ਟ ਹੋ ਜਾਵੇਗੀ ਕਿ ਮੰਗਲ ਜਾਂ ਮੰਗਲਨ ਇਕ ਸੁਤੰਤਰ ਅਤੇ ਨਿਵੇਕਲਾ ਰਾਗ ਰੂਪ ਹੈ। ਮੰਗਲਨ ਰਾਗ ਦਾ ਉਲੇਖ "ਸ੍ਰੀ ਸਰਬ ਲੋਹ ਗ੍ਰੰਥ" ਦੇ ਪੰਨਾ 432-33 ਉੱਤੇ ਵੀ ਮਿਲਦਾ ਹੈ। ਇਸ ਗ੍ਰੰਥ ਵਿੱਚ ਚਾਰ ਬਿਸ਼ਨ ਪਦ ਅੰਕਿਤ ਹਨ ਜਿਨ੍ਹਾਂ ਦਾ ਸਿਰਲੇਖ ਲੜੀਵਾਰ ਇਸ ਪ੍ਰਕਾਰ ਹੈ: (ੳ) ਬਿਸ਼ਨੁਪਦੁ ਰਾਗ ਮੰਗਲਨ, (ਅ) ਬਿਸ਼ਨੁਪਦੁ ਮੰਗਲਨ, (ੲ) ਬਿਸ਼ਨ ਪਦ ਮੰਗਲਨ ਅਤੇ (ਸ) ਬਿਸ਼ਨੁ ਪਦ ਮੰਗਲਨ।" (ਪੋਥੀ ਭਾਗ ਤੀਜਾ) ਸੰਗੀਤ ਦੀ ਇਕ ਪ੍ਰਸਿੱਧ ਪੁਸਤਕ "ਸਵਰਤਾਲ-ਸਮੂਹ" ਦੇ ਪੰਨਾ 113 'ਤੇ ਬਿਲਾਵਲ ਦੇ 15 ਪ੍ਰਕਾਰਾਂ ਦਾ ਉਲੇਖ ਹੈ ਜਿਨ੍ਹਾਂ ਵਿੱਚ "ਇਕ ਪ੍ਰਕਾਰ ਮੰਗਲ ਬਿਲਾਵਲ" ਵੀ ਹੈ। ਸੋ, ਉਪਰੋਕਤ ਹਵਾਲਿਆਂ ਤੋਂ ਇਹ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਮੰਗਲ ਜਾਂ ਮੰਗਲਨ ਰਾਗ ਦਾ ਮੱਧ ਕਾਲ ਵਿੱਚ ਪ੍ਰਚਾਰ ਆਰੂੜ ਸੀ। ਵਿਧੀ ਪੂਰਵਕ ਸਿੱਖਿਆ ਦੀ ਘਾਟ ਕਾਰਣ ਅਤੇ ਸੁਰਲਿਪੀ ਦੇ ਅਭਾਵ ਤੋਂ ਅਜਿਹੇ ਅਨੇਕਾਂ ਰਾਗ ਅੱਜ ਸਾਥੋਂ ਅਲੋਪ ਹੋ ਗਏ ਹਨ। ਬਿਲਾਵਲੁ ਮੰਗਲ ਰਾਮ, ਭਾਰਤੀ ਸੰਗੀਤ ਵਿੱਚ ਇਕ ਅਪ੍ਰਸਿੱਧ ਪ੍ਰਕਾਰਾਂ ਦੇ ਵਰਗ ਦਾ ਰਾਗ ਹੈ। ਮੱਧਕਾਲ ਵਿੱਚ ਇਸ ਰਾਗ ਦਾ ਖ਼ੂਬ ਪ੍ਰਚਾਰ ਰਿਹਾ ਹੋਵੇਗਾ ਪਰੰਤੂ ਵਰਤਮਾਨ ਸਮੇਂ ਇਸ ਰਾਗ ਦਾ ਨਾਮ ਵੀ ਸੰਗੀਤਕਾਰਾਂ ਅਤੇ ਕੀਰਤਨਕਾਰਾਂ ਨੂੰ ਓਪਰਾ ਪ੍ਰਤੀਤ ਹੁੰਦਾ ਹੈ। ਮੱਧਕਾਲ ਵਿੱਚ ਆਸਾਵਰੀ ਦਾ ਸਰੂਪ ਅੱਜ ਦੇ ਕੋਮਲ ਰਿਸ਼ਭ ਆਸਾਵਰੀ ਵਾਲਾ ਪ੍ਰਚਲਿਤ ਸੀ ਜੋ ਆਸਾਵਰੀ ਸੁਧੰਗ ਨੂੰ ਕੋਮਲ ਰਿਸ਼ਭ ਆਸਾਵਰੀ ਵਾਲਾ ਤੇ ਆਸਾਵਰੀ ਨੂੰ,ਜੋ ਅੱਜ ਪ੍ਰਚਾਰ ਵਿੱਚ ਹੈ, ਉਹੀ ਮੰਨੇ ਗਏ। ਦੇਵਗੰਧਾਰ ਤੇ ਨਟ ਇਹ ਦੋਵੇਂ ਰਾਗ ਭਾਰਤੀ ਸੰਗੀਤ ਵਿੱਚ ਵੀ ਅਪ੍ਰਚਲਿਤ ਰਾਗਾਂ ਦੀ ਗਣਨਾ ਵਿੱਚ ਆਉਂਦੇ ਹਨ ਤੇ ਇਹਨਾਂ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਛੇ ਰਾਗ ਐਸੇ ਹਨ ਜੋ

ਦੱਖਣੀ ਸੰਗੀਤ ਦੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਉਹਨਾਂ ਦੱਖਣੀ ਰਾਗਾਂ ਵਿੱਚ ਬਾਣੀ ਦੀ ਰਚਨਾ ਕਰਕੇ ਦੱਖਣੀ ਤੇ ਉੱਤਰੀ ਸੰਗੀਤ ਪੱਧਤੀ ਨੂੰ ਨੇੜੇ ਲਿਆਉਣ ਦਾ ਬਹੁਤ ਹੀ ਵੱਡਾ ਯੋਗਦਾਨ ਪਾਇਆ ਹੈ, ਇਹ ਰਾਗ ਹਨ - ਗਉੜੀ ਦਖਣੀ, ਵਡਹੰਸ ਦਖਣੀ, ਬਿਲਾਵਲ ਦਖਣੀ, ਰਾਮਕਲੀ ਦਖਣੀ, ਮਾਰੂ ਦਖਣੀ ਤੇ ਪ੍ਰਭਾਤੀ ਦਖਣੀ। ਇਸ ਲਈ ਇਨ੍ਹਾਂ ਛੇ ਰਾਗਾਂ ਦੇ ਸਰੂਪ ਇਨ੍ਹਾਂ ਰਾਗਾਂ ਦੇ ਦੱਖਣੀ ਸਰੂਪਾਂ ਤੋਂ ਨਿਸ਼ਚਤ ਕੀਤੇ ਗਏ। ਦੱਖਣੀ ਪੱਧਤੀ ਦੇ ਗੌਰੀ ਤੋਂ ਗਉੜੀ ਦਖਣੀ, ਬਾਲਹੰਸ ਤੋਂ ਵਡਹੰਸ ਦਖਣੀ, ਬੇਲਾਵਲੀ ਤੋਂ ਬਿਲਾਵਲੁ ਦਖਣੀ, ਰਾਮਕ੍ਰਿਲਾ ਤੋਂ ਰਾਮਕਲੀ ਦਖਣੀ, ਮਾਰਵੇ ਤੋਂ ਮਾਰੂ ਦਖਣੀ ਤੇ ਪ੍ਰਭਾਤ ਰੰਗਣੀ ਤੋਂ ਪ੍ਰਭਾਤੀ ਦਖਣੀ ਰਾਗਾਂ ਦੇ ਸਰੂਪ ਨਿਸ਼ਚਤ ਹੋਏ।

ਸੰਤ ਬਾਬਾ ਸੁੱਚਾ ਸਿੰਘ ਜੀ ਨੇ ਗੁਰਮਤਿ ਸੰਗੀਤ ਦੇ ਰਾਗ ਪਰੰਪਰਾ ਦਾ ਜੋ ਬੀੜਾ ਚੁੱਕਿਆ ਸੀ ਉਸਦੀ ਸਫਲਤਾ ਵਜੋਂ ਰਾਗ ਨਿਰਣਾਇਕ ਕਮੇਟੀ ਵਲੋਂ ਨਿਰਧਾਰਤ ਕੀਤੇ ਗਏ ਸਰੂਪਾਂ ਨੂੰ ਸਮੁੱਚੇ ਪੰਥ ਵਲੋਂ ਭਰਪੂਰ ਸਮਰਥਨ ਪ੍ਰਾਪਤ ਹੋਇਆ ਹੈ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੇ ਅਵਸਰ ਉੱਤੇ ਵੱਖ-ਵੱਖ ਕੀਰਤਨੀਆਂ ਅਤੇ ਸੰਗੀਤਕਾਰਾਂ ਨੇ ਰਾਗ ਨਿਰਣਾਇਕ ਕਮੇਟੀ ਦੁਆਰਾ ਨਿਰਧਾਰਿਤ ਕੀਤੇ ਗਏ ਸਰੂਪਾਂ ਵਿੱਚ ਹੀ ਸ਼ਬਦ ਕੀਰਤਨ ਕੀਤਾ। ਹੁਣ ਭਾਵੇਂ ਵਿਅਕਤੀਗਤ ਰੂਪ ਵਿੱਚ ਕੁਝ ਸੱਜਣ ਵਿਅਕਤੀਗਤ ਸੋਚ ਰੱਖਦੇ ਹੋਣ ਪਰੰਤੂ ਸਿੱਖ ਪੰਥ ਅਤੇ ਅਕਾਦਮਿਕ ਖੇਤਰ ਵਿੱਚ ਕਾਰਜ ਕਰ ਰਹੀਆਂ ਯੂਨੀਵਰਸਿਟੀਆਂ ਆਦਿ ਵਲੋਂ ਹੋਣ ਵਾਲੀ ਉਚੇਰੀ ਖੋਜ ਹਿੱਤ ਇਹਨਾਂ ਸਰਬ ਪਰਵਾਨਿਤ ਸਰੂਪਾਂ ਨੂੰ ਹੀ ਪ੍ਰਮਾਣਿਕ ਮੰਨਿਆ ਜਾ ਰਿਹਾ ਹੈ। ਆਉਣ ਵਾਲੀਆਂ ਸਿੱਖ ਪੀੜੀਆਂ ਅਤੇ ਵਿਸ਼ਵ ਸੰਗੀਤ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮਾਣਿਕ ਪ੍ਰਵਾਣਿਤ ਸਰੂਪਾਂ ਦਾ ਇਹ ਖ਼ਜ਼ਾਨਾ ਇਕ ਵਰਦਾਨ ਸਾਬਿਤ ਹੋਵੇਗਾ ਅਤੇ ਇਹਨਾਂ ਸਰੂਪਾਂ ਨੂੰ ਪੂਰਨ ਗੁਰਮਤਿ ਸੰਗੀਤ ਵਿਧੀ ਅਨੁਸਾਰ ਗਾਇਨ ਕਰਨ ਵਾਲੀਆਂ ਸ਼ਖ਼ਸੀਅਤਾਂ ਸਾਡੇ ਸਤਿਕਾਰ ਦੀਆਂ ਪਾਤਰ ਰਹਿਣਗੀਆਂ।

ਗੁਰਮਤਿ ਸੰਗੀਤ ਨੂੰ ਪ੍ਰਚਾਰਨ ਦਾ ਜਿਹੜਾ ਕਾਰਜ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਆਰੰਭਿਆ ਹੈ ਉਸ ਵਿੱਚ ਹਰ ਗੁਰਸਿੱਖ ਦਾ ਸਹਿਯੋਗ ਲੋੜੀਂਦਾ ਹੈ। ਜਵੱਦੀ ਟਕਸਾਲ ਵਲੋਂ ਇਹ ਪੁਸਤਕ 'ਰਾਗ ਸਰੂਪ ਨਿਰਣੈ : ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਸ਼ੇਸ਼ ਰੂਪ ਵਿੱਚ ਭੇਟ ਕੀਤੀ ਜਾ ਰਹੀ ਹੈ। ਪੁਸਤਕ ਦੇ ਸਹਿਯੋਗ ਲਈ ਅਸੀਂ ਡਾ: ਗੁਰਨਾਮ ਸਿੰਘ ਜੀ ਮੁਖੀ, ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦ ਕਰਦੇ ਹਾਂ।

ਸੰਪਾਦਕ

## ਰਾਗ ਨਿਰਣਾਇਕ ਕਮੇਟੀ ਦੁਆਰਾ ਨਿਰਧਾਰਿਤ ਸਰੂਪ

1. **ਸਿਰੀ ਰਾਗ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੪*

**ਸੁਰ** - ਆਰੋਹ ਵਿੱਚ ਗੰਧਾਰ ਤੇ ਧੈਵਤ ਵਰਜਿਤ, ਰਿਸ਼ਭ ਧੈਵਤ ਕੋਮਲ, ਮਧਿਅਮ ਤੀਵਰ, ਬਾਕੀ ਸ਼ੁਧ

**ਥਾਟ** - ਪੂਰਵੀ

**ਜਾਤੀ** - ਔੜਵ-ਸੰਪੂਰਨ

**ਵਾਦੀ** - ਰਿਸ਼ਭ

**ਸੰਵਾਦੀ** - ਪੰਚਮ

**ਸਮਾਂ** - ਸੰਧੀ ਪ੍ਰਕਾਸ਼ (ਸ਼ਾਮ ਦਾ ਸਮਾ)

**ਆਰੋਹ** - ਸ ਰੁੇ, ਮ' ਪ, ਨੀ ਸਂ

**ਅਵਰੋਹ** - ਸਂ ਨੀ ਧੁ ਪ, ਮ' ਗ ਰੁੇ, ਸ

**ਮੁੱਖ ਅੰਗ** - ਸ, (ਸ)ਰੁੇ, (ਗ)ਰੁੇ, ਪ, ਪ ਮ' ਗ (ਸ)ਰੁੇ, (ਸ)ਰੁੇ, ਸ

2. **ਮਾਝ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੪*

**ਸੁਰ** - ਦੋਵੇਂ ਗੰਧਾਰ ਦੋਵੇਂ ਨਿਸ਼ਾਦ, ਬਾਕੀ ਸ਼ੁੱਧ, ਆਰੋਹ ਵਿੱਚ ਗੰਧਾਰ ਤੇ ਧੈਵਤ ਵਰਜਿਤ

**ਥਾਟ** - ਖਮਾਜ

**ਜਾਤੀ** - ਔੜਵ-ਸੰਪੂਰਨ

**ਵਾਦੀ** - ਰਿਸ਼ਭ

**ਸੰਵਾਦੀ** - ਪੰਚਮ

**ਸਮਾਂ**- ਰਾਤ ਦਾ ਪਹਿਲਾ ਪਹਿਰ

**ਆਰੋਹ** - ਸ ਰੇ, ਮ ਪ, ਨੀ ਸਂ

**ਅਵਰੋਹ** - ਸਂ ਨੁੀ ਧ ਪ, ਧ ਮ ਗ ਮ, ਰੇ ਪ ਗੁ ਰੇ, ਗੁ ਸ ਰੇ ਨ਼ੀ ਸ

**ਮੁੱਖ ਅੰਗ** - ਪ, ਧ ਮ ਗ ਮ, ਰੇ ਪ, ਮ ਗੁ ਰੇ, ਗੁ ਸ ਰੇ ਨ਼ੀ ਸ

3. **ਗਉੜੀ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੫੧*

**ਸੁਰ** - ਰਿਸ਼ਭ ਅਤੇ ਧੈਵਤ ਕੋਮਲ, ਬਾਕੀ ਸ਼ੁੱਧ, ਆਰੋਹ ਵਿੱਚ ਗੰਧਾਰ ਅਤੇ ਧੈਵਤ ਵਰਜਿਤ।

ਥਾਟ - ਭੈਰਵ

ਜਾਤੀ - ਔੜਵ-ਸੰਪੂਰਨ

ਵਾਦੀ - ਰਿਸ਼ਭ

ਸੰਵਾਦੀ - ਪੰਚਮ

ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ, ਰੁੇ ਗ ਰੁੇ, ਮ ਪ, ਨੀ ਸਂ

ਅਵਰੋਹ - ਸਂ ਨੀ ਧੁ ਮ ਪ, ਧੁ ਪ ਮ ਗ, ਰੁੇ ਗ ਰੁੇ, ਸ ਨ਼ੀ, ਸ

ਮੁੱਖ ਅੰਗ - ਮ ਧੁ ਪ, ਧੁ ਮ ਪ ਮ ਗ ਰੁੇ, ਗ ਰੁੇ ਸ ਨ਼ੀ, ਸ

4. **ਆਸਾ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੪੭*

ਸੁਰ - ਆਰੋਹ ਵਿੱਚ ਗੰਧਾਰ ਤੇ ਨਿਸ਼ਾਦ ਵਰਜਿਤ, ਬਾਕੀ ਸ਼ੁੱਧ

ਥਾਟ - ਬਿਲਾਵਲ

ਜਾਤੀ - ਔੜਵ-ਸੰਪੂਰਨ

ਵਾਦੀ - ਮਧਿਅਮ

ਸੰਵਾਦੀ - ਸ਼ੜਜ਼

ਸਮਾਂ - ਸਵੇਰ ਅਤੇ ਸ਼ਾਮ ਦਾ ਸੰਧੀ ਪ੍ਰਕਾਸ਼

ਆਰੋਹ - ਸ, ਰੇ ਮ, ਪ, ਧ ਸਂ

ਅਵਰੋਹ - ਸਂ ਨੀ ਧ ਪ, ਮ, ਗ ਰੇ ਸ ਰੇ ਗ ਸ

ਮੁੱਖ ਅੰਗ - ਰੇ ਮ, ਪ, ਧ ਸਂ, ਨੀ ਧ ਪ ਮ, ਗ ਸ ਰੇ ਗ ਸ

5. **ਗੂਜਰੀ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੮੯*

ਸੁਰ - ਰਿਸ਼ਭ, ਗੰਧਾਰ ਅਤੇ ਧੈਵਤ ਕੋਮਲ, ਮਧਿਅਮ ਤੀਵਰ, ਬਾਕੀ ਸ਼ੁੱਧ।

ਵਰਜਿਤ ਸਵਰ - ਪੰਚਮ।

ਥਾਟ - ਤੋੜੀ।

ਜਾਤੀ - ਸ਼ਾੜਵ-ਸ਼ਾੜਵ।

ਵਾਦੀ - ਧੈਵਤ।

ਸੰਵਾਦੀ - ਰਿਸ਼ਭ।

ਸਮਾਂ - ਦਿਨ ਦਾ ਦੂਸਰਾ ਪਹਿਰ।

ਆਰੋਹ - ਸ ਰੁੇ, ਗੁ ਮ॑ ਧੁ, ਨੀ ਸਂ।

ਅਵਰੋਹ - ਸਂ ਨੀ ਧੁ, ਮ॑ ਗੁ ਰੁੇ, ਗੁ ਰੁੇ ਸ।

ਮੁੱਖ ਅੰਗ - ਧੁ, ਮਂ ਧੁ, ਨੀ ਧੁ, ਮਂ ਧੁ ਮਂ ਗੁ ਰੇ, ਰੇ ਗੁ ਰੇ ਸ

6. **ਦੇਵਗੰਧਾਰੀ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੨੭*

ਸੁਰ - ਦੋਨੋਂ ਧੈਵਤ, ਦੋਨੋਂ ਨਿਸ਼ਾਦ, ਬਾਕੀ ਸ਼ੁੱਧ

ਵਰਜਿਤ ਸੁਰ - ਅਰੋਹ ਵਿੱਚ 'ਗ' ਤੇ 'ਨੀ'

ਥਾਟ - ਬਿਲਾਵਲ (ਆਸਾਵਰੀ ਅੰਗ)

ਜਾਤੀ - ਔੜਵ-ਸੰਪੂਰਨ

ਵਾਦੀ - ਮਧਿਅਮ

ਸੰਵਾਦੀ - ਸ਼ੜਜ

ਸਮਾਂ - ਦਿਨ ਦਾ ਦੂਜਾ ਪਹਿਰ

ਆਰੋਹ - ਸ ਰੇ ਮ, ਪ ਧ ਸਂ

ਅਵਰੋਹ - ਸਂ ਨੀ ਧ ਪ, ਮ ਪ, ਧੁ ਨ਼ੀ ਧੁ ਪ, ਮ ਗ ਰੇ ਸ

ਮੁੱਖ ਅੰਗ - ਧੁ ਨ਼ੀ ਧੁ ਪ, ਮ ਗ, ਸ ਰੇ ਮ, ਗ ਸ ਰੇ ਗ ਸ

7. **ਬਿਹਾਗੜਾ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੩੭*

ਸੁਰ - ਆਰੋਹ ਵਿੱਚ 'ਰੇ' ਅਤੇ 'ਧ' ਵਰਜਿਤ, ਦੋਵੇਂ ਨਿਸ਼ਾਦ, ਬਾਕੀ ਸ਼ੁੱਧ

ਥਾਟ - ਬਿਲਾਵਲ

ਜਾਤੀ - ਔੜਵ-ਸੰਪੂਰਨ

ਵਾਦੀ - ਗੰਧਾਰ

ਸੰਵਾਦੀ - ਨਿਸ਼ਾਦ

ਸਮਾਂ : ਰਾਤ ਦਾ ਦੂਜਾ ਪਹਿਰ

ਆਰੋਹ - ਨ਼ੀ ਸ ਗ, ਮ ਪ ਨੀ, ਸਂ

ਅਵਰੋਹ - ਸਂ ਨੀ, ਧ ਪ, ਨ਼ੀ ਧ ਪ, ਧ ਗ ਮ ਗ, ਰੇ ਸ

ਮੁੱਖ ਅੰਗ - ਗ ਮ ਪ, ਨ਼ੀ ਧ ਪ, ਧ ਗ ਮ ਗ, ਰੇ ਸ

8. **ਵਡਹੰਸ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੫੭*

ਸੁਰ - ਆਰੋਹ ਵਿੱਚ ਗੰਧਾਰ ਵਰਜਿਤ, ਦੋਨੋਂ ਨਿਸ਼ਾਦ, ਬਾਕੀ ਸ਼ੁੱਧ

ਥਾਟ - ਖਮਾਜ

ਜਾਤੀ - ਸ਼ਾੜਵ-ਸੰਪੂਰਨ

ਵਾਦੀ - ਪੰਚਮ

ਸੰਵਾਦੀ - ਰਿਸ਼ਭ

ਸਮਾਂ : ਦੁਪਹਿਰ ਦਾ

ਆਰੋਹ - ਸ ਰੇ ਮ ਪ, ਧ ਨ਼ੀ ਪ, ਨੀ ਸਂ।

ਅਵਰੋਹ - ਸਂ ਨ਼ੀ ਪ, ਧ ਮ ਗ ਰੇ, ਸ ਨ਼ੀ ਸ।

ਮੁੱਖ ਅੰਗ - ਸ ਰੇ ਮ ਪ ਨ਼ੀ ਪ, ਧ ਮ ਗ ਰੇ, ਸ ਨ਼ੀ ਪ਼ ਨ਼ੀ ਸ।

9. ਸੋਰਠਿ *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੯੫*

ਸੁਰ - ਦੋਨੋਂ ਨਿਸ਼ਾਦ, ਬਾਕੀ ਸ਼ੁੱਧ, ਆਰੋਹ ਵਿੱਚ ਗੰਧਾਰ ਤੇ ਧੈਵਤ ਵਰਜਿਤ। ਅਵਰੋਹ ਵਿੱਚ 'ਗੰਧਾਰ' ਦਾ ਪ੍ਰਯੋਗ ਕੇਵਲ ਮੀਂਡ ਦੁਆਰਾ

ਥਾਟ - ਖਮਾਜ

ਜਾਤੀ - ਔੜਵ-ਸੰਪੂਰਨ

ਵਾਦੀ - ਰਿਸ਼ਭ

ਸੰਵਾਦੀ - ਧੈਵਤ

ਸਮਾਂ : ਰਾਤ ਦਾ ਦੂਸਰਾ ਪਹਿਰ

ਆਰੋਹ - ਸ ਰੇ, ਮ ਪ, ਨੀ ਸਂ

ਅਵਰੋਹ - ਸਂ ਰੇਂ ਨ਼ੀ ਧ, ਮ ਪ ਧ ਮ ਗਰੇ, ਨ਼ੀ ਸ

ਮੁੱਖ ਅੰਗ - ਸ ਰੇ, ਮ ਪ, ਨ਼ੀ ਧ, ਪ, ਧ ਮ ਗਰੇ, ਨ਼ੀ ਸ

10. ਧਨਾਸਰੀ *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩/੬੬੦*

ਸੁਰ - ਗੰਧਾਰ ਤੇ ਨਿਸ਼ਾਦ ਕੋਮਲ, ਬਾਕੀ ਸ਼ੁੱਧ, ਰਿਸ਼ਭ ਅਤੇ ਧੈਵਤ ਆਰੋਹ ਵਿੱਚ ਵਰਜਿਤ

ਥਾਟ - ਕਾਫੀ

ਜਾਤੀ - ਔੜਵ-ਸੰਪੂਰਨ

ਵਾਦੀ - ਪੰਚਮ

ਸੰਵਾਦੀ - ਸ਼ੜਜ਼

ਸਮਾਂ - ਦਿਨ ਦਾ ਤੀਸਰਾ ਪਹਿਰ

ਆਰੋਹ - ਸ ਗੁ, ਮ ਪ, ਨੁ਼ੀ ਸਂ

ਅਵਰੋਹ - ਸਂ ਨੁ਼ੀ ਧ ਪ, ਮ ਪ ਗੁ, ਰੇ ਸ

ਮੁੱਖ ਅੰਗ - ਨ਼ੀ ਸ ਗੁ, ਮ ਪ, ਨ਼ੀ ਧ ਪ, ਮ ਪ ਗੁ, ਰੇ ਸ

11. ਜੈਤਸਰੀ *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬੯੬*

ਸੁਰ - ਰਿਸ਼ਭ, ਧੈਵਤ ਕੋਮਲ ਅਤੇ ਮਧਿਅਮ ਤੀਵਰ, ਬਾਕੀ ਸ਼ੁੱਧ, ਆਰੋਹ ਵਿੱਚ

ਰਿਸ਼ਭ ਤੇ ਧੈਵਤ ਵਰਜਿਤ

**ਥਾਟ** - ਪੂਰਵੀ

**ਜਾਤੀ** - ਔੜਵ-ਸੰਪੂਰਣ

**ਵਾਦੀ** - ਗੰਧਾਰ

**ਸੰਵਾਦੀ** - ਨਿਸ਼ਾਦ

**ਸਮਾਂ** - ਦਿਨ ਦਾ ਚੌਥਾ ਪਹਿਰ

**ਆਰੋਹ** - ਸ ਗ, ਮ॑ ਪ, ਨੀ ਸਂ

**ਅਵਰੋਹ** - ਸਂ ਨੀ ਧ̱ ਪ, ਮ॑ ਗ, ਰੇ̱ ਸ

**ਮੁੱਖ ਅੰਗ** - ਸ, ਗ, ਪ, ਮ॑ ਧ̱ ਪ, ਮ॑ ਗ, ਮ॑ ਗ, ਰੇ̱ ਸ

## 12. **ਟੋਡੀ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੧੧*

**ਸੁਰ** - ਰਿਸ਼ਭ, ਗੰਧਾਰ, ਧੈਵਤ ਕੋਮਲ, ਮਧਿਅਮ ਤੀਵਰ

**ਥਾਟ** - ਟੋਡੀ

**ਜਾਤੀ** - ਸੰਪੂਰਨ-ਸੰਪੂਰਨ

**ਵਾਦੀ** - ਧੈਵਤ

**ਸੰਵਾਦੀ** - ਗੰਧਾਰ

**ਸਮਾਂ** - ਦਿਨ ਦਾ ਦੂਜਾ ਪਹਿਰ

**ਆਰੋਹ** - ਸ ਰੇ̱ ਗ̱, ਮ॑ ਪ ਮ॑ ਧ̱, ਨੀ ਸਂ

**ਅਵਰੋਹ** - ਸਂ ਨੀ ਧ̱, ਪ, ਮ॑ ਗ̱, ਰੇ̱ ਸ

**ਮੁੱਖ ਅੰਗ** - .ਧ̱, ਨ̣ੀ ਸ, ਰੇ̱ ਗ̱, ਮ॑ ਗ̱ ਰੇ̱ ਗ̱, ਰੇ̱ ਸ

## 13. **ਬੈਰਾੜੀ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੧੯*

**ਸੁਰ** - ਰਿਸ਼ਭ ਕੋਮਲ ਅਤੇ ਮਧਿਅਮ ਤੀਵਰ, ਬਾਕੀ ਸ਼ੁੱਧ

**ਥਾਟ** - ਮਾਰਵਾ

**ਜਾਤੀ** - ਵਕਰ-ਸੰਪੂਰਨ

**ਵਾਦੀ** - ਗੰਧਾਰ

**ਸੰਵਾਦੀ** - ਧੈਵਤ

**ਸਮਾਂ** - ਸੰਧਿਆ (ਦਿਨ ਦਾ ਚੌਥਾ ਪਹਿਰ)

**ਆਰੋਹ** - ਨ̣ੀ ਰੇ̱ ਗ ਪ, ਮ॑ ਗ ਮ॑ ਧ ਸਂ

**ਅਵਰੋਹ** - ਸਂ ਨੀ ਧ ਪ, ਮ॑ ਗ, ਪ ਗ, ਰੇ̱ ਸ

ਮੁੱਖ ਅੰਗ - ਪ ਧ ਗ, ਮ' ਧ, ਮ' ਗ, ਰੇ̱ ਗ, ਮ' ਗ, ਰੇ̱ ਸ

14. ਤਿਲੰਗ *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੨੧*

ਸੁਰ - ਰਿਸ਼ਭ ਤੇ ਧੈਵਤ ਵਰਜਿਤ, ਦੋਵੇਂ ਨਿਸ਼ਾਦ, ਬਾਕੀ ਸ਼ੁੱਧ

ਥਾਟ - ਖਮਾਜ

ਜਾਤੀ - ਔੜਵ-ਔੜਵ

ਵਾਦੀ - ਗੰਧਾਰ

ਸੰਵਾਦੀ - ਨਿਸ਼ਾਦ

ਸਮਾਂ - ਦਿਨ ਦਾ ਤੀਸਰਾ ਪਹਿਰ

ਆਰੋਹ - ਸ ਗ, ਮ ਪ, ਨੀ ਸਂ

ਅਵਰੋਹ - ਸਂ ਨੀ̱ ਪ, ਮ ਗ, ਸ

ਮੁੱਖ ਅੰਗ - ਨ਼ੀ ਸ ਗ ਮ ਪ, ਨੀ̱ ਪ, ਗ ਮ ਗ ਸ

15. ਸੂਹੀ *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੨੮*

ਸੁਰ - ਦੋਵੇਂ ਨਿਸ਼ਾਦ, ਬਾਕੀ ਸ਼ੁੱਧ

ਥਾਟ - ਬਿਲਾਵਲ

ਜਾਤੀ - ਸੰਪੂਰਨ-ਸੰਪੂਰਨ

ਵਾਦੀ - ਪੰਚਮ

ਸੰਵਾਦੀ - ਸ਼ੜਜ਼

ਸਮਾਂ - ਦਿਨ ਦਾ ਦੂਸਰਾ ਪਹਿਰ

ਆਰੋਹ - ਸ ਰੇ ਗ ਮ ਪ, ਨੀ ਧ ਨੀ ਸਂ

ਅਵਰੋਹ - ਸਂ ਨੀ̱ ਧ ਪ, ਮ ਗ, ਰੇ ਗ ਰੇ ਸ

ਮੁੱਖ ਅੰਗ - ਸਂ ਨੀ̱ ਪ, ਮ ਗ ਰੇ ਗ, ਮ ਗ ਰੇ ਸ

16. ਬਿਲਾਵਲੁ *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੯੫*

ਸੁਰ - ਸ਼ੁੱਧ

ਥਾਟ - ਬਿਲਾਵਲ

ਜਾਤੀ - ਸੰਪੂਰਨ-ਸੰਪੂਰਨ

ਵਾਦੀ - ਧੈਵਤ

ਸੰਵਾਦੀ - ਗੰਧਾਰ

ਸਮਾਂ - ਦਿਨ ਦਾ ਦੂਜਾ ਪਹਿਰ

ਆਰੋਹ - ਸ, ਰੇ ਗ, ਮ ਪ, ਧ, ਨੀ ਸਂ

ਅਵਰੋਹ - ਸਂ ਨੀ ਧ, ਪ, ਮ ਗ, ਰੇ ਸ

ਮੁੱਖ ਅੰਗ - ਗ ਰੇ, ਗ ਪ ਧ ਪ, ਮ ਗ, ਮ ਰੇ ਸ

17. **ਰਾਗ ਗੋਂਡ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮੫੯*

ਸੁਰ - ਸਾਰੇ ਸ਼ੁੱਧ

ਥਾਟ - ਬਿਲਾਵਲ

ਜਾਤੀ - ਸੰਪੂਰਨ-ਸੰਪੂਰਨ

ਵਾਦੀ - ਸ਼ੜਜ਼

ਸੰਵਾਦੀ - ਮਧਿਅਮ

ਸਮਾਂ - ਦਿਨ ਦਾ ਦੂਜਾ ਪਹਿਰ

ਆਰੋਹ - ਸ ਰੇ ਗ ਮ, ਪ ਧ ਨੀ ਧ ਨੀ ਸਂ

ਅਵਰੋਹ - ਸਂ ਨੀ ਧ ਨੀ ਪ, ਮ ਗ, ਰੇ ਸ

ਮੁੱਖ ਅੰਗ - ਰੇ ਗ ਮ, ਪ ਮ, ਮ ਪ ਨੀ ਧ ਨੀ ਪ, ਧ ਮ ਗ ਮ, ਗ ਰੇ ਸ

18. **ਰਾਮਕਲੀ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮੭੬*

ਸੁਰ - ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ, ਦੋਵੇਂ ਨਿਸ਼ਾਦ, ਆਰੋਹ ਵਿੱਚ ਰਿਸ਼ਭ ਵਰਜਿਤ

ਥਾਟ - ਭੈਰਵ

ਜਾਤੀ - ਸ਼ਾੜਵ-ਸੰਪੂਰਨ

ਵਾਦੀ - ਪੰਚਮ

ਸੰਵਾਦੀ - ਰਿਸ਼ਭ

ਸਮਾਂ - ਦਿਨ ਦਾ ਪਹਿਲਾ ਪਹਿਰ

ਆਰੋਹ - ਸ, ਗ ਮ ਪ, ਧੁ, ਨੀ ਸਂ

ਅਵਰੋਹ - ਸਂ ਨੀ ਧੁ, ਪ, ਮ॑ ਪ ਧੁ ਨੁੀ ਧੁ ਪ, ਗ ਮ ਰੁੇ, ਸ

ਮੁੱਖ ਅੰਗ - ਧੁ ਪ, ਮ॑ ਪ ਧੁ ਨੁੀ ਧੁ ਪ, ਗ ਮ ਰੁੇ ਸ

19. **ਨਟ ਨਰਾਇਣ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੭੫*

ਸੁਰ - ਦੋਵੇਂ ਮਧਿਅਮ, ਬਾਕੀ ਸ਼ੁੱਧ, ਅਵਰੋਹ ਵਿੱਚ ਧੈਵਤ ਤੇ ਗੰਧਾਰ ਦਾ ਅਲਪ

ਪ੍ਰਯੋਗ

**ਥਾਟ** - ਬਿਲਾਵਲ

**ਜਾਤੀ** - ਸੰਪੂਰਨ-ਔੜਵ

**ਵਾਦੀ** - ਪੰਚਮ

**ਸੰਵਾਦੀ** - ਰਿਸ਼ਭ

**ਸਮਾਂ** - ਰਾਤ ਦਾ ਦੂਜਾ ਪਹਿਰ

**ਆਰੋਹ** - ਸ ਮ ਗ ਮ ਰੇ, ਮ॑ ਪ ਧ ਨੀ ਸਂ

**ਅਵਰੋਹ** - ਸਂ ਧ ਪ ਮ॑ ਧ ਪ, ਗ ਮ ਰੇ ਸ।

**ਮੁੱਖ ਅੰਗ** - ਸ ਗ ਮ ਰੇ ਪ, ਮ॑ ਧ ਪ, ਮ ਗ ਮ, ਰੇ ਸ ਰੇ ਸ।

20. **ਮਾਲੀ ਗਉੜਾ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੮੪*

**ਸੁਰ** - ਰਿਸ਼ਭ ਕੋਮਲ, ਦੋਵੇਂ ਧੈਵਤ ਤੇ ਤੀਵਰ ਮਧਿਅਮ, ਬਾਕੀ ਸ਼ੁੱਧ

**ਥਾਟ** - ਮਾਰਵਾ

**ਜਾਤੀ** - ਸੰਪੂਰਨ-ਸੰਪੂਰਨ

**ਵਾਦੀ** - ਰਿਸ਼ਭ

**ਸੰਵਾਦੀ** - ਪੰਚਮ

**ਸਮਾਂ** - ਦਿਨ ਦਾ ਚੌਥਾ ਪਹਿਰ

**ਆਰੋਹ** - ਸ ਰੇ̱, ਸ, ਨ਼ੀ ਧ਼ ਨ਼ੀ ਰੇ̱ ਗ ਮ॑ ਪ, ਮ॑ ਧ ਨੀ ਧ ਸਂ

**ਅਵਰੋਹ** - ਸਂ ਨੀ ਧ̱ ਪ, ਮ॑ ਨੀ ਧ ਮ॑ ਗ ਰੇ̱, ਸ

**ਮੁੱਖ ਅੰਗ** - ਮ॑ ਗ ਰੇ̱, ਸ, ਧ਼ ਨ਼ੀ ਸ ਰੇ̱, ਗ ਮ॑ ਪ, ਨੀ ਧ̱ ਪ, ਮ॑ ਧ ਮ॑ ਗ ਰੇ̱, ਸ

21. **ਮਾਰੂ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੮੯*

**ਸੁਰ** - ਦੋਵੇਂ ਮਧਿਅਮ, ਦੋਵੇਂ ਧੈਵਤ ਦੋਵੇਂ ਨਿਸ਼ਾਦ, ਆਰੋਹ ਵਿੱਚ ਰਿਸ਼ਭ ਵਰਜਿਤ, ਬਾਕੀ ਸ਼ੁੱਧ

**ਥਾਟ** - ਖਮਾਜ

**ਜਾਤੀ** - ਸ਼ਾੜਵ-ਸੰਪੂਰਨ

**ਵਾਦੀ** - ਗੰਧਾਰ

**ਸੰਵਾਦੀ** - ਨਿਸ਼ਾਦ

**ਸਮਾਂ** - ਦਿਨ ਦਾ ਤੀਜਾ ਪਹਿਰ

ਆਰੋਹ - ਸ ਗ ਮ ਪ, ਧ ਨੀ ਸਂ

ਅਵਰੋਹ - ਸਂ ਨ਼ੀ ਧ ਪ, ਮ' ਪ ਧੁ ਨੀ ਧੁ ਪ, ਮ ਗ ਰੇ ਸ

ਮੁੱਖ ਅੰਗ - ਪ ਪ ਨ਼ੀ ਧ ਪ, ਮ' ਪ ਧੁ ਨੀ ਧੁ ਪ, ਪ ਧ ਪ ਗ, ਰੇ, ਗ ਰੇ ਸ

22. **ਤੁਖਾਰੀ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੦੭*

**ਸੁਰ** - ਦੋਵੇਂ ਨਿਸ਼ਾਦ, ਮਧਿਅਮ ਤੀਵਰ, ਗੰਧਾਰ ਕੋਮਲ ਬਾਕੀ ਸ਼ੁੱਧ

**ਵਰਜਿਤ ਸੁਰ** - ਆਰੋਹ ਵਿੱਚ ਰਿਸ਼ਭ ਅਤੇ ਧੈਵਤ

**ਥਾਟ** - ਤੋੜੀ (ਦੱਖਣੀ ਪੱਧਤੀ ਅਨੁਸਾਰ ਧਰਮਵਤੀ ਥਾਟ)

**ਜਾਤੀ** - ਔੜਵ-ਸੰਪੂਰਨ

**ਵਾਦੀ** - ਪੰਚਮ

**ਸੰਵਾਦੀ** - ਸ਼ੜਜ਼

**ਸਮਾਂ** - ਦਿਨ ਦਾ ਚੌਥਾ ਪਹਿਰ

**ਆਰੋਹ** - ਨ਼ੀ ਸ, ਗੁ ਮ' ਪ, ਨੀ ਸਂ

**ਅਵਰੋਹ** - ਸਂ ਨੀ ਧ ਪ, ਨ਼ੀ ਧ ਪ, ਮ' ਗੁ, ਰੇ ਸ

**ਮੁੱਖ ਅੰਗ** - ਪ ਨ਼ੀ ਨ਼ੀ ਧ ਪ, ਮ' ਪ, ਮ' ਗੁ, ਰੇ ਸ

23. **ਕੇਦਾਰਾ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੧੮*

**ਸੁਰ** - ਦੋਵੇਂ ਮਧਿਅਮ, ਬਾਕੀ ਸ਼ੁੱਧ

**ਵਰਜਿਤ ਸੁਰ** - ਆਰੋਹ ਵਿੱਚ ਰਿਸ਼ਭ ਅਤੇ ਗੰਧਾਰ, ਅਵਰੋਹ ਵਿੱਚ ਗੰਧਾਰ

**ਥਾਟ** - ਕਲਿਆਣ

**ਜਾਤੀ** - ਔੜਵ-ਸ਼ਾੜਵ

**ਵਾਦੀ** - ਮਧਿਅਮ

**ਸੰਵਾਦੀ** - ਸ਼ੜਜ (ਸਂ) ਤਾਰ ਸਪਤਕ

**ਸਮਾਂ** - ਰਾਤ ਦਾ ਪਹਿਲਾ ਪਹਿਰ

**ਆਰੋਹ** - ਸ ਮ, ਮ ਪ, ਧ ਪ, ਨੀ ਧ ਸਂ

**ਅਵਰੋਹ** - ਸਂ ਨੀ ਧ ਪ, ਮ' ਪ ਧ ਪ ਮ, ਰੇ ਸ

**ਮੁੱਖ ਅੰਗ** - ਸ, ਮ, ਮ ਪ, ਧ ਪ ਮ, ਪ ਮ, ਰੇ ਸ

24. **ਭੈਰਉ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੨੫*

**ਸੁਰ** - ਰਿਸ਼ਭ ਤੇ ਧੈਵਤ ਕੋਮਲ, ਬਾਕੀ ਸ਼ੁੱਧ

ਥਾਟ - ਭੈਰਵ

ਜਾਤੀ - ਸੰਪੂਰਨ-ਸੰਪੂਰਨ

ਵਾਦੀ - ਧੈਵਤ

ਸੰਵਾਦੀ - ਰਿਸ਼ਭ

ਸਮਾਂ - ਦਿਨ ਦਾ ਪਹਿਲਾ ਪਹਿਰ

ਆਰੋਹ - ਸ ਰੁ, ਗ ਮ ਪ, ਧੁ, ਨੀ ਸਂ

ਅਵਰੋਹ - ਸਂ ਨੀ ਧੁ ਧੁ ਪ, ਗ ਮ ਰੁ ਰੁ, ਸ

ਮੁੱਖ ਅੰਗ - ਗ ਮ ਧੁ, ਧੁ ਪ, ਗ ਮ ਰੁ ਰੁ, ਸ

25. **ਬਸੰਤੁ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੬੮*

ਸੁਰ - ਸਾਰੇ ਸ਼ੁੱਧ, ਆਰੋਹ ਵਿੱਚ ਰਿਸ਼ਭ ਅਤੇ ਪੰਚਮ ਵਰਜਿਤ

ਥਾਟ - ਬਿਲਾਵਲ

ਜਾਤੀ - ਔੜਵ-ਸੰਪੂਰਨ

ਵਾਦੀ - ਸ਼ੜਜ਼ (ਸਂ) ਤਾਰ ਸਪਤਕ

ਸੰਵਾਦੀ - ਮਧਿਅਮ

ਸਮਾਂ - ਦਿਨ ਦਾ ਦੂਜਾ ਪਹਿਰ (ਬਸੰਤ ਰੁੱਤ ਵਿੱਚ ਕਿਸੇ ਸਮੇਂ ਵੀ ਗਾਇਆ ਵਜਾਇਆ ਜਾ ਸਕਦਾ ਹੈ)

ਆਰੋਹ - ਸ ਗ ਮ, ਧ ਨੀ ਸਂ

ਅਵਰੋਹ - ਸਂ ਨੀ ਧ ਪ ਮ, ਗ ਰੇ ਸ

ਮੁੱਖ ਅੰਗ - ਗ ਮ ਧ ਨੀ ਸਂ, ਸਂ ਨੀ ਧ ਪ ਮ, ਗ, ਰੇ ਸ

26. **ਸਾਰੰਗ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੯੭*

ਸੁਰ - ਦੋਵੇਂ ਨਿਸ਼ਾਦ, ਬਾਕੀ ਸ਼ੁੱਧ, ਗੰਧਾਰ ਅਤੇ ਧੈਵਤ ਵਰਜਿਤ

ਥਾਟ - ਕਾਫ਼ੀ

ਜਾਤੀ - ਔੜਵ-ਔੜਵ

ਵਾਦੀ - ਰਿਸ਼ਭ

ਸੰਵਾਦੀ - ਪੰਚਮ

ਸਮਾਂ - ਦਿਨ ਦਾ ਤੀਜਾ ਪਹਿਰ

ਆਰੋਹ - ਸ, ਰੇ ਮ ਪ, ਨੀ ਸਂ

ਅਵਰੋਹ - ਸਂ ਨ਼ੀ ਪ, ਮ ਰੇ, ਨ਼ੀ ਸ
ਮੁੱਖ ਅੰਗ - ਨ਼ੀ ਸ ਰੇ, ਮ ਰੇ, ਪ ਮ ਰੇ, ਨ਼ੀ ਸ

27. ਮਲ੍ਹਾਰ *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੨੫੪*
ਸੁਰ - ਦੋਵੇਂ ਨਿਸ਼ਾਦ, ਬਾਕੀ ਸ਼ੁੱਧ
ਥਾਟ - ਖਮਾਜ
ਜਾਤੀ - ਸੰਪੂਰਨ-ਸੰਪੂਰਨ
ਵਾਦੀ - ਮਧਿਅਮ
ਸੰਵਾਦੀ - ਸ਼ੜਜ਼
ਸਮਾਂ - ਰਾਤ ਦਾ ਤੀਜਾ ਪਹਿਰ (ਬਰਸਾਤ ਦੀ ਰੁੱਤ ਵਿੱਚ ਹਰ ਸਮੇਂ)
ਆਰੋਹ - ਸ, ਰੇ ਗ ਮ, ਮ ਰੇ ਪ, ਨੁ਼ੀ ਧ ਨੀ ਸਂ
ਅਵਰੋਹ - ਸਂ, ਧ ਨੁ਼ੀ ਪ ਮ, ਗ ਮ ਰੇ, ਸ
ਮੁੱਖ ਰੰਗ - ਸ ਰੇ ਗ ਮ, ਮ ਰੇ ਪ, ਧ ਨੁ਼ੀ ਪ ਮ, ਰੇ ਸ

28. ਕਾਨੜ੍ਹਾ *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੨੯੪*
ਸੁਰ - ਗੰਧਾਰ ਕੋਮਲ, ਦੋਵੇਂ ਨਿਸ਼ਾਦ, ਬਾਕੀ ਸ਼ੁੱਧ, ਧੈਵਤ ਵਰਜਿਤ
ਥਾਟ - ਕਾਫ਼ੀ
ਜਾਤੀ - ਸ਼ਾੜਵ-ਸ਼ਾੜਵ
ਵਾਦੀ - ਪੰਚਮ
ਸੰਵਾਦੀ - ਸ਼ੜਜ਼
ਸਮਾਂ - ਰਾਤ ਦਾ ਦੂਜਾ ਪਹਿਰ
ਆਰੋਹ - ਸ ਰੇ ਗੁ, ਮ ਪ, ਨੀ ਸਂ
ਅਵਰੋਹ - ਸਂ, ਨੁ਼ੀ ਪ, ਮ ਪ, ਗੁ ਮ ਰੇ ਸ
ਮੁੱਖ ਅੰਗ - ਸ ਰੇ ਗੁ, ਮ ਰੇ, ਸ, ਰੇ ਨ਼ੀ ਸ, ਰੇ ਪ ਗੁ, ਮ ਰੇ ਸ

29. ਕਲਿਆਣ *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੧੯*
ਸੁਰ - ਮਧਿਅਮ ਤੀਵਰ, ਬਾਕੀ ਸ਼ੁੱਧ
ਥਾਟ - ਕਲਿਆਣ
ਜਾਤੀ - ਸੰਪੂਰਨ-ਸੰਪੂਰਨ
ਵਾਦੀ - ਗੰਧਾਰ

ਸੰਵਾਦੀ - ਨਿਸ਼ਾਦ

ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ, ਨ਼ੀ ਰੇ ਗ, ਮ॑ ਪ, ਮ॑ ਧ, ਨੀ, ਸਂ

ਅਵਰੋਹ - ਸਂ ਨੀ ਧ ਪ, ਮ॑ ਗ, ਰੇ ਨ਼ੀ ਰੇ ਸ

ਮੁੱਖ ਅੰਗ - ਨ਼ੀ ਰੇ ਗ, ਗ ਰੇ ਗ ਮ॑ ਪ ਰੇ, ਨ਼ੀ ਰੇ ਸ

30. **ਪ੍ਰਭਾਤੀ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੨੭*

ਸੁਰ - ਸ਼ੁੱਧ, ਮਧਿਅਮ ਵਰਜਿਤ, ਆਰੋਹ ਵਿੱਚ ਨਿਸ਼ਾਦ ਵਰਜਿਤ

ਥਾਟ - ਬਿਲਾਵਲ

ਜਾਤੀ - ਔੜਵ-ਸ਼ਾੜਵ

ਵਾਦੀ - ਸ਼ੜਜ਼

ਸੰਵਾਦੀ - ਪੰਚਮ

ਸਮਾਂ - ਸਵੇਰ ਦਾ ਪਹਿਲਾ ਪਹਿਰ

ਆਰੋਹ - ਸ ਰੇ ਗ, ਪ, ਧ ਸਂ

ਅਵਰੋਹ - ਸਂ ਨੀ ਧ ਨੀ ਪ, ਗ ਰੇ ਸ

ਮੁੱਖ ਅੰਗ - ਪ ਪ ਸਂ, ਨੀ ਧ ਨੀ ਪ, ਪ ਧ, ਗ ਪ ਧ ਪ, ਗ ਰੇ ਸ

31. **ਜੈਜਾਵੰਤੀ** *(ਮੁੱਖ ਰਾਗ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੫੨*

ਸੁਰ - ਦੋਵੇਂ ਗੰਧਾਰ ਅਤੇ ਦੋਵੇਂ ਨਿਸ਼ਾਦ, ਬਾਕੀ ਸ਼ੁੱਧ

ਥਾਟ - ਖਮਾਜ

ਜਾਤੀ - ਸ਼ਾੜਵ-ਸੰਪੂਰਨ

ਵਾਦੀ - ਰਿਸ਼ਭ

ਸੰਵਾਦੀ - ਪੰਚਮ

ਸਮਾਂ - ਰਾਤ ਦਾ ਦੂਜਾ ਪਹਿਰ

ਆਰੋਹ - ਸ, ਰੇ ਗ ਮ ਪ, ਨੀ ਸਂ

ਅਵਰੋਹ - ਸਂ ਨ਼ੀ ਧ ਪ, ਧ ਮ, ਰੇ ਗੁ ਰੇ, ਸ

ਮੁੱਖ ਅੰਗ - ਰੇ ਗੁ ਰੇ ਸ, ਨ਼ੀ ਧ਼ ਪ਼, ਰੇ, ਸ

# ਮਿਸ਼ਰਤ ਰਾਗ

## 1. ਗਉੜੀ ਗੁਆਰੇਰੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੫੧*

**ਸੁਰ** - ਰਿਸ਼ਭ ਕੋਮਲ, ਮਧਿਅਮ ਤੀਵਰ, ਬਾਕੀ ਸ਼ੁੱਧ

**ਵਰਜਿਤ ਸੁਰ** - ਆਰੋਹ ਵਿੱਚ ਰਿਸ਼ਭ ਅਤੇ ਪੰਚਮ, ਅਵਰੋਹ ਵਿੱਚ ਪੰਚਮ

**ਥਾਟ** - ਮਾਰਵਾ

**ਜਾਤੀ** - ਔੜਵ-ਸ਼ਾੜਵ

**ਵਾਦੀ** - ਗੰਧਾਰ

**ਸੰਵਾਦੀ** - ਧੈਵਤ

**ਸਮਾਂ** - ਰਾਤ ਦਾ ਪਹਿਲਾ ਪਹਿਰ

**ਆਰੋਹ** - ਸ ਗ ਮ॑ ਧ, ਨੀ ਸੰ

**ਅਵਰੋਹ** - ਸੰ ਨੀ ਧ, ਮ॑ ਗ ਰੇ॒ ਸ, ਰੇ॒ ਗ ਰੇ॒ ਸ ਨ਼ੀ ਸ

**ਮੁੱਖ ਅੰਗ** - ਸੰ ਨੀ ਧ, ਮ॑ ਧ ਮ॑ ਗ ਰੇ॒ ਸ, ਰੇ॒ ਗ ਰੇ॒ ਸ ਨ਼ੀ ਸ

## 2. ਗਉੜੀ ਦਖਣੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੫੨*

**ਸੁਰ** - ਰਿਸ਼ਭ, ਧੈਵਤ ਕੋਮਲ ਬਾਕੀ ਸ਼ੁੱਧ

**ਵਰਜਿਤ ਸੁਰ** - ਆਰੋਹ ਵਿੱਚ ਗੰਧਾਰ ਤੇ ਧੈਵਤ

**ਜਾਤੀ** - ਔੜਵ-ਸੰਪੂਰਣ

**ਵਾਦੀ** - ਰਿਸ਼ਭ

**ਸੰਵਾਦੀ** - ਪੰਚਮ

**ਸਮਾਂ** - ਦਿਨ ਦਾ ਪਹਿਲਾ ਪਹਿਰ

**ਆਰੋਹ** - ਸ ਰੇ॒, ਮ ਪ, ਨੀ ਸੰ

**ਅਵਰੋਹ** - ਸੰ ਨੀ, ਧ॒ ਪ, ਮ ਗ ਰੇ॒, ਸ

**ਮੁੱਖ ਅੰਗ** - ਸ ਰੇ॒ ਮ ਪ, ਧ॒ ਮ ਪ ਗ ਰੇ॒, ਸ

## 3. ਗਉੜੀ ਚੇਤੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੫੪*

**ਸੁਰ** - ਰਿਸ਼ਭ ਅਤੇ ਧੈਵਤ ਕੋਮਲ, ਦੋਵੇਂ ਮਧਿਅਮ, ਬਾਕੀ ਸ਼ੁੱਧ

**ਵਰਜਿਤ ਸੁਰ** - ਆਰੋਹ ਵਿੱਚ ਗੰਧਾਰ

**ਥਾਟ** - ਪੂਰਵੀ

ਜਾਤੀ - ਸ਼ਾੜਵ-ਸੰਪੂਰਨ

ਵਾਦੀ - ਪੰਚਮ

ਸੰਵਾਦੀ - ਸ਼ੜਜ਼

ਸਮਾਂ - ਦਿਨ ਦਾ ਚੌਥਾ ਪਹਿਰ

ਆਰੋਹ - ਸ ਰੇ॒, ਮ॑ ਪ, ਮ॑ ਧ॒ ਨੀ ਸਂ

ਅਵਰੋਹ - ਸਂ ਨੀ ਧ॒ ਪ, ਧ॒ ਮ, ਪ ਮ॑ ਧ॒ ਮ॑, ਗ, ਰੇ॒, ਗ ਰੇ॒ ਸ

ਮੁੱਖ ਅੰਗ - ਨੀ ਧ॒ ਪ, ਧ॒ ਮ ਪ ਮ॑ ਧ॒ ਮ॑, ਗ ਰੇ॒ ਗ ਰੇ॒ ਸ

## 4. ਗਉੜੀ ਬੈਰਾਗਣਿ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੫੬*

ਸੁਰ - ਰਿਸ਼ਭ, ਧੈਵਤ ਕੋਮਲ, ਦੋਵੇਂ ਨਿਸ਼ਾਦ ਬਾਕੀ ਸ਼ੁੱਧ

ਵਰਜਿਤ ਸੁਰ - ਗੰਧਾਰ ਤੇ ਪੰਚਮ

ਥਾਟ - ਭੈਰਵ

ਜਾਤੀ - ਔੜਵ-ਔੜਵ

ਵਾਦੀ - ਰਿਸ਼ਭ

ਸੰਵਾਦੀ - ਧੈਵਤ

ਸਮਾਂ - ਦਿਨ ਦਾ ਪਹਿਲਾ ਪਹਿਰ।

ਆਰੋਹ - ਸ ਰੇ॒, ਮ ਧ॒, ਨੀ ਸਂ

ਅਵਰੋਹ - ਸਂ ਨੀ ਸਂ, ਨੀ॒ ਧ॒ ਮ ਰੇ॒ ਸ, ਨ਼ੀ ਸ ਰੇ॒ ਸ

ਮੁੱਖ ਅੰਗ - ਸਂ ਰੇਂ॒ ਨੀ ਸਂ ਨੀ, ਸਂ ਨੀ॒ ਧ॒ ਮ ਰੇ॒ ਰੇ॒ ਸ

## 5. ਗਉੜੀ ਦੀਪਕੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੨*

ਸੁਰ - ਰਿਸ਼ਭ, ਕੋਮਲ, ਮਧਿਅਮ ਤੀਵਰ ਬਾਕੀ ਸ਼ੁੱਧ

ਵਰਜਿਤ ਸੁਰ - ਆਰੋਹ ਵਿੱਚ ਰਿਸ਼ਭ

ਜਾਤੀ - ਸ਼ਾੜਵ-ਸੰਪੂਰਨ

ਵਾਦੀ - ਸ਼ੜਜ਼

ਸੰਵਾਦੀ - ਪੰਚਮ

ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ ਗ ਮ॑ ਪ, ਮ॑ ਧ ਨੀ ਸਂ ਰੇਂ॒ ਸਂ

ਅਵਰੋਹ - ਸਂ ਨੀ ਧ ਪ, ਧ ਪ ਮ॑ ਗ ਸ, ਰੇ॒ ਗ ਰੇ॒ ਸ ਨ਼ੀ ਸ

ਮੁੱਖ ਅੰਗ - ਧ ਪ ਮ॑ ਗ ਸ, ਰੇ̱ ਗ ਰੇ̱ ਸ ਨ਼ੀ ਸ

### 6. ਗਉੜੀ ਪੂਰਬੀ ਦੀਪਕੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੫੭*

ਸੁਰ - ਰਿਸ਼ਭ ਕੋਮਲ, ਦੋਵੇਂ ਧੈਵਤ, ਦੋਵੇਂ ਮਧਿਅਮ ਬਾਕੀ ਸ਼ੁਧ

ਥਾਟ - ਭੈਰਵ

ਜਾਤੀ - ਸੰਪੂਰਨ-ਸੰਪੂਰਨ

ਵਾਦੀ - ਪੰਚਮ

ਸੰਵਾਦੀ - ਸ਼ੜਜ਼

ਸਮਾਂ - ਸ਼ਾਮ ਦਾ ਸੰਧੀ ਪ੍ਰਕਾਸ਼ (ਰਾਤ ਦਾ ਪਹਿਲਾ ਪਹਿਰ)

ਆਰੋਹ - ਸ, ਰੇ̱ ਗ ਰੇ̱, ਮ॑ ਪ ਧ̱ ਪ, ਮ॑ ਧ̱ ਨੀ ਸਂ

ਅਵਰੋਹ - ਸਂ ਨੀ ਧ ਸਂ ਨੀ ਧ ਪ, ਮ॑ ਗ ਮ ਗ –ਮ॑ ਗ ਸ, ਰੇ̱ ਗ ਰੇ̱, ਸ ਨ਼ੀ ਸ

ਮੁੱਖ ਅੰਗ - ਮ॑ ਧ̱ ਪ, ਨੀ ਧ ਪ ਮ॑ ਗ – ਸ, ਰੇ̱ ਗ ਰੇ̱ ਸ ਨ਼ੀ ਸ

### 7. ਗਉੜੀ ਪੂਰਬੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੪੨*

ਸੁਰ - ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ ਤੇ ਬਾਕੀ ਸ਼ੁੱਧ

ਥਾਟ - ਪੂਰਬੀ

ਜਾਤੀ - ਵਕਰ ਸੰਪੂਰਨ

ਵਾਦੀ - ਰਿਸ਼ਭ

ਸੰਵਾਦੀ - ਪੰਚਮ

ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ, ਰੇ̱ ਗ ਰੇ̱, ਗ ਮ॑ ਪ ਧ̱ ਪ, ਨੀ ਸਂ

ਅਵਰੋਹ - ਸਂ ਨੀ ਧ̱ ਪ ਮ॑ ਗ – ਮ ਗ, ਮ॑ ਗ ਰੇ̱, ਨ਼ੀ ਰੇ̱ ਸ

ਮੁੱਖ ਅੰਗ - ਪ ਮ॑ ਗ – ਮ ਗ, ਮ॑ ਗ ਰੇ̱ ਸ, ਨ਼ੀ.ਧ਼̱ ਸ ਨ਼ੀ, ਰੇ̱ ਸ

### 8. ਗਉੜੀ ਮਾਝ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੭੨*

ਸੁਰ - ਦੋਵੇਂ ਰਿਸ਼ਭ, ਦੋਵੇਂ ਗੰਧਾਰ, ਦੋਵੇਂ ਮਧਿਅਮ ਦੋਵੇਂ ਧੈਵਤ ਤੇ ਦੋਵੇਂ ਨਿਸ਼ਾਦ

ਜਾਤੀ - ਸੰਪੂਰਨ

ਵਾਦੀ - ਪੰਚਮ

ਸ਼ੰਵਾਦੀ - ਸ਼ੜਜ਼

ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ, ਰੇ̱ ਗ ਰੇ̱, ਮ॑ ਪ ਧ̱ ਪ, ਨੀ ਸਂ

ਅਵਰੋਹ - ਸਂ ਨੀ̱ ਧ ਪ, ਧ ਮ ਗ ਮ, ਰੇ ਪ ਗ̱, ਰੇ ਗ̱ ਸ ਰੇ ਨੀ̱̣ ਸ

ਮੁੱਖ ਅੰਗ - ਰੇ̱ ਗ ਮ॑ ਪ, ਧ̱ ਪ ਮ॑ ਗ, ਨੀ̱ ਧ ਪ ਮ ਗ ਮ, ਰੇ ਪ ਗ̱ ਰੇ, ਸ ਰੇ ਨੀ̱̣ ਸ

## 9. ਗਉੜੀ ਮਾਲਵਾ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੧੪*

ਸੁਰ - ਰਿਸ਼ਭ, ਧੈਵਤ ਕੋਮਲ ਤੇ ਮਧਿਅਮ ਤੀਵਰ

ਵਰਜਿਤ ਸੁਰ - ਆਰੋਹ ਵਿੱਚ ਨਿਸ਼ਾਦ ਤੇ ਅਵਰੋਹ ਵਿੱਚ ਧੈਵਤ

ਜਾਤੀ - ਸ਼ਾੜਵ-ਸ਼ਾੜਵ

ਵਾਦੀ - ਰਿਸ਼ਭ

ਸੰਵਾਦੀ - ਪੰਚਮ

ਸਮਾਂ - ਦਿਨ ਦਾ ਚੌਥਾ ਪਹਿਰ

ਆਰੋਹ - ਸ, ਰੇ̱ ਗ ਰੇ̱ ਸ, ਰੇ̱ ਗ ਮ॑ ਪ ਧ̱ ਸਂ

ਅਵਰੋਹ - ਸਂ ਨੀ ਪ, ਮ॑ ਗ ਰੇ̱, ਸ

ਮੁੱਖ ਅੰਗ - ਰੇ̱ ਗ ਰੇ̱ ਸ, ਨੀ ਪ ਮ॑ ਗ ਰੇ̱, ਸ

## 10. ਗਉੜੀ ਮਾਲਾ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੧੪*

ਸੁਰ - ਰਿਸ਼ਭ, ਗੰਧਾਰ, ਧੈਵਤ ਕੋਮਲ ਬਾਕੀ ਸ਼ੁੱਧ

ਜਾਤੀ - ਸੰਪੂਰਨ-ਸੰਪੂਰਨ

ਵਾਦੀ - ਧੈਵਤ

ਸੰਵਾਦੀ - ਰਿਸ਼ਭ

ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ ਰੇ̱ ਗ̱, ਮ ਪ ਧ̱, ਨੀ ਸਂ

ਅਵਰੋਹ - ਸਂ ਨੀ ਧ̱ ਪ, ਮ ਗ̱ ਰੇ̱, ਸ

ਮੁੱਖ ਅੰਗ - ਰੇ̱ ਗ̱ ਰੇ̱, ਸ, ਨੀ̣ ਸ, ਧ̱, ਪ ਮ ਗ̱ ਰੇ̱, ਸ

## 11. ਗਉੜੀ ਸੋਰਠਿ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੩੦*

ਸੁਰ - ਦੋਨੋਂ ਰਿਸ਼ਭ, ਦੋਨੋਂ ਮਧਿਅਮ, ਦੋਨੋਂ ਨਿਸ਼ਾਦ, ਦੋਨੋਂ ਧੈਵਤ

ਵਰਜਿਤ ਸੁਰ - ਅਵਰੋਹ ਵਿੱਚ ਗੰਧਾਰ

ਜਾਤੀ - ਸੰਪੂਰਨ-ਸ਼ਾੜਵ

ਵਾਦੀ - ਪੰਚਮ

ਸੰਵਾਦੀ - ਸ਼ੜਜ਼

ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ, ਰੇ̲ ਗ ਰੇ̲ ਮ॑ ਪ, ਮ॑ ਧ̲ ਨੀ ਸਂ

ਅਵਰੋਹ - ਸਂ ਨੀ̲ ਧ ਪ, ਮ (ਗ)ਰੇ̲ ਨ਼ੀ ਸ

ਮੁੱਖ ਅੰਗ - ਰੇ̲ ਗ ਮ॑ ਪ ਧ ਮ (ਗ)ਰੇ̲, ਸ

12. **ਆਸਾ ਕਾਫ਼ੀ** *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੬੫*

ਸੁਰ - ਅਵਰੋਹ ਵਿੱਚ ਗੰਧਾਰ, ਨਿਸ਼ਾਦ ਕੋਮਲ, ਬਾਕੀ ਸ਼ੁੱਧ

ਵਰਜਿਤ ਸੁਰ - ਆਰੋਹ ਵਿੱਚ ਗੰਧਾਰ ਤੇ ਨਿਸ਼ਾਦ

ਜਾਤੀ - ਔੜਵ-ਸੰਪੂਰਨ

ਵਾਦੀ - ਪੰਚਮ

ਸੰਵਾਦੀ - ਸ਼ੜਜ਼

ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ ਰੇ ਗ ਸ, ਰੇ ਮ ਪ ਧ, ਪ ਧ ਸਂ

ਅਵਰੋਹ - ਸਂ, ਨੀ̲ ਧ ਪ, ਧ ਮ ਗ̲ -ਰੇ ਸ

ਮੁੱਖ ਅੰਗ - ਧ ਨੀ̲ ਪ ਧ ਸਂ ਨੀ̲ ਧ ਪ, ਮ ਪ ਗ̲ -ਰੇ ਸ

13. **ਆਸਾਵਰੀ** *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੦੯*

ਸੁਰ - ਗੰਧਾਰ, ਧੈਵਤ, ਨਿਸ਼ਾਦ ਕੋਮਲ ਅਤੇ ਬਾਕੀ ਸ਼ੁੱਧ

ਵਰਜਿਤ ਸੁਰ - ਆਰੋਹ ਵਿੱਚ ਗੰਧਾਰ ਤੇ ਨਿਸ਼ਾਦ

ਥਾਟ - ਆਸਾਵਰੀ

ਜਾਤੀ - ਔੜਵ-ਸੰਪੂਰਨ

ਵਾਦੀ - ਧੈਵਤ

ਸੰਵਾਦੀ - ਗੰਧਾਰ

ਸਮਾਂ : ਦਿਨ ਦਾ ਦੂਸਰਾ ਪਹਿਰ

ਆਰੋਹ - ਸ ਰੇ ਮ ਪ, ਧ̲, ਸਂ

ਅਵਰੋਹ - ਸਂ ਨੀ̲ ਧ̲, ਪ, ਮ ਗ̲ ਰੇ ਸ

ਮੁੱਖ ਅੰਗ - ਰੇ ਮ ਪ, ਮ ਪ ਧ̲, ਮ ਪ ਗ̲, ਰੇ ਸ

## 14. ਆਸਾਵਰੀ ਸੁਧੰਗ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੬੯*

**ਸੁਰ** - ਰਿਸ਼ਭ, ਗੰਧਾਰ, ਧੈਵਤ, ਨਿਸ਼ਾਦ, ਕੋਮਲ ਅਤੇ ਬਾਕੀ ਸ਼ੁੱਧ

**ਵਰਜਿਤ ਸੁਰ** - ਆਰੋਹ ਵਿੱਚ ਗੰਧਾਰ ਤੇ ਨਿਸ਼ਾਦ

**ਜਾਤੀ** - ਔੜਵ-ਸੰਪੂਰਨ

**ਵਾਦੀ** - ਧੈਵਤ

**ਸੰਵਾਦੀ** - ਗੰਧਾਰ

**ਸਮਾਂ** - ਦਿਨ ਦਾ ਦੂਜਾ ਪਹਿਰ

**ਆਰੋਹ** - ਸ ਰੇ̱ ਮ, ਪ, ਧ̱, ਸੰ

**ਅਵਰੋਹ** - ਸੰ ਨੀ̱ ਧ̱, ਪ ਮ, ਪ ਧ̱ ਮ ਪ ਗ̱ ਰੇ̱ ਸ

**ਮੁੱਖ ਅੰਗ** - ਰੇ̱ ਮ ਪ ਧ̱ ਮ ਪ, ਗ̱ ਰੇ̱ ਸ

## 15. ਦੇਵਗੰਧਾਰ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੩੧*

**ਸੁਰ** - ਦੋਵੇਂ ਗੰਧਾਰ, ਧੈਵਤ, ਨਿਸ਼ਾਦ ਕੋਮਲ ਤੇ ਬਾਕੀ ਸ਼ੁੱਧ

**ਵਰਜਿਤ ਸੁਰ** - ਆਰੋਹ ਵਿਚ ਗੰਧਾਰ

**ਥਾਟ** - ਆਸਾਵਰੀ

**ਜਾਤੀ** - ਸ਼ਾੜਵ-ਸੰਪੂਰਨ

**ਵਾਦੀ** - ਧੈਵਤ

**ਸੰਵਾਦੀ** - ਗੰਧਾਰ

**ਸਮਾਂ** - ਦਿਨ ਦਾ ਦੂਜਾ ਪਹਿਰ

**ਆਰੋਹ** - ਸ, ਰੇ ਮ ਪ ਧ̱, ਧ̱ ਮ, ਪ ਧ̱ ਨੀ̱ ਸੰ

**ਅਵਰੋਹ** - ਸੰ ਨੀ̱ ਧ̱, ਪ ਮ [ਮ]ਗ̱ ਰੇ ਸ, ਰੇ ਨ਼ੀ̱ ਸ ਰੇ ਗ ਗ ਮ ਪ [ਮ]ਗ̱ ਰੇ ਸ

**ਮੁੱਖ ਅੰਗ** - ਨੀ̱ ਧ̱ ਪ, ਮ ਪ [ਪ]ਗ̱ ਰੇ ਸ, ਰੇ ਨ਼ੀ̱ ਸ ਰੇ ਗ ਮ

## 16. ਵਡਹੰਸ ਦਖਣੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੮੦*

**ਸੁਰ** - ਨਿਸ਼ਾਦ ਕੋਮਲ, ਬਾਕੀ ਸ਼ੁੱਧ

**ਵਰਜਿਤ ਸੁਰ** - ਆਰੋਹ ਵਿੱਚ ਗੰਧਾਰ ਅਤੇ ਨਿਸ਼ਾਦ

**ਜਾਤੀ** - ਔੜਵ-ਸੰਪੂਰਨ

**ਵਾਦੀ** - ਪੰਚਮ

**ਸੰਵਾਦੀ** - ਸ਼ੜਜ

ਸਮਾਂ - ਦਿਨ ਦਾ ਤੀਸਰਾ ਪਹਿਰ

ਆਰੋਹ - ਸ, ਰੇ ਮ ਪ, ਧ ਸਂ

ਅਵਰੋਹ - ਸਂ ਨ਼ੀ ਧ ਪ, ਮ, ਰੇ ਮ ਗ, ਸ ਰੇ ਨ਼ੀ ਧ਼ ਸ

ਮੁੱਖ ਅੰਗ - ਸ ਰੇ ਮ ਪ, ਮ, ਰੇ ਮ ਗ ਸ ਨ਼ੀ ਧ਼ ਸ

17. ਤਿਲੰਗ ਕਾਫੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੨੬*

ਸੁਰ - ਗੰਧਾਰ, ਨਿਸ਼ਾਦ ਦੋਵੇਂ, ਬਾਕੀ ਸ਼ੁੱਧ

ਵਰਜਿਤ ਸੁਰ – ਆਰੋਹ ਵਿੱਚ ਰਿਸ਼ਭ ਅਤੇ ਧੈਵਤ

ਜਾਤੀ - ਔੜਵ–ਸੰਪੂਰਨ

ਵਾਦੀ - ਗੰਧਾਰ

ਸੰਵਾਦੀ - ਸ਼ੁੱਧ ਨਿਸ਼ਾਦ

ਸਮਾਂ - ਰਾਤ ਦਾ ਦੂਜਾ ਪਹਿਰ

ਆਰੋਹ - ਸ ਨ਼ੀ ਸ, ਗ ਮ ਪ ਨੁੀ ਪ, ਮ ਪ ਨੀ ਸਂ

ਅਵਰੋਹ - ਸਂ ਨੁੀ ਧ ਪ ਮ ਪ ਗੁ ਰੇ ਸ

ਮੁੱਖ ਅੰਗ - ਗ ਮ ਪ, ਨੁੀ ਪ, ਗੁ ਰੇ ਸ ਰੇ ਨ਼ੀ ਸ

18. ਸੂਹੀ ਕਾਫ਼ੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੫੧*

ਸੁਰ - ਦੋਵੇਂ ਗੰਧਾਰ, ਦੋਵੇਂ ਨਿਸ਼ਾਦ, ਬਾਕੀ ਸ਼ੁੱਧ

ਜਾਤੀ - ਸੰਪੂਰਨ

ਵਾਦੀ - ਪੰਚਮ

ਸੰਵਾਦੀ - ਸ਼ੜਜ਼

ਸਮਾਂ - ਦਿਨ ਦਾ ਦੂਜਾ ਪਹਿਰ

ਆਰੋਹ - ਸ ਰੇ ਗ ਮ ਪ, ਨੀ ਧ ਨੀ ਸਂ

ਅਵਰੋਹ - ਸਂ ਨੁੀ ਧ ਪ, ਮ ਪ ਗੁ – ਰੇ, ਸ

ਮੁੱਖ ਅੰਗ - ਸ ਰੇ ਗ ਮ ਪ, ਮ ਪ ਗੁ – ਰੇ, ਸ

19. ਸੂਹੀ ਲਲਿਤ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੯੩*

ਸੁਰ - ਦੋਵੇਂ ਰਿਸ਼ਭ, ਦੋਵੇਂ ਮਧਿਅਮ, ਦੋਵੇਂ ਧੈਵਤ ਬਾਕੀ ਸ਼ੁੱਧ

ਵਰਜਿਤ ਸੁਰ - ਅਵਰੋਹ ਵਿੱਚ ਪੰਚਮ

**ਜਾਤੀ** - ਸੰਪੂਰਨ-ਸ਼ਾੜਵ

**ਵਾਦੀ** - ਮਧਿਅਮ

**ਸੰਵਾਦੀ** - ਸ਼ੜਜ਼

**ਸਮਾਂ** - ਦਿਨ ਦਾ ਦੂਜਾ ਪਹਿਰ

**ਆਰੋਹ** - ਸ ਰੇ ਗ ਮ ਪ, ਨੀ ਧ ਨੀ ਸਂ

**ਅਵਰੋਹ** - ਸਂ ਰੁੇਂ ਨੀ ਧੁ ਮ॑ ਧੁ ਮ॑ ਮ ਗ, ਮ॑ ਗ ਰੁੇ ਸ

**ਮੁੱਖ ਅੰਗ** - ਪ ਨੀ ਧ, ਨੀ ਸਂ, ਰੁੇਂ ਨੀ ਧੁ, ਮ॑ ਮ ਗ, ਮ॑ ਗ ਰੁੇ ਸ

## 20. ਬਿਲਾਵਲ ਦਖਣੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮੪੩*

**ਸੁਰ** - ਗੰਧਾਰ ਕੋਮਲ ਬਾਕੀ ਸ਼ੁੱਧ

**ਵਰਜਿਤ ਸੁਰ** - ਆਰੋਹ ਵਿੱਚ ਗੰਧਾਰ ਤੇ ਨਿਸ਼ਾਦ

**ਥਾਟ** - ਬਿਲਾਵਲ

**ਜਾਤੀ** - ਔੜਵ-ਸੰਪੂਰਨ

**ਵਾਦੀ** - ਰਿਸ਼ਭ

**ਸੰਵਾਦੀ** - ਪੰਚਮ

**ਸਮਾਂ** - ਦਿਨ ਦਾ ਤੀਸਰਾ ਪਹਿਰ

**ਆਰੋਹ** - ਸ ਰੇ, ਮ ਪ, ਧ ਸਂ

**ਅਵਰੋਹ** - ਸਂ ਨੀ, ਧ ਪ, ਮ ਗੁ, ਰੇ ਸ

**ਮੁੱਖ ਅੰਗ** - ਸ ਰੇ, ਮ ਪ, ਮ ਗੁ ਰੇ, ਸ ਨ਼ੀ ਸ

## 21. ਬਿਲਾਵਲੁ ਮੰਗਲ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਹਿਬ, ਅੰਗ ੮੪੪*

**ਸੁਰ** - ਸ਼ੁੱਧ, ਆਰੋਹ ਵਿੱਚ ਪੰਚਮ ਸੁਰ ਵਰਜਿਤ ਅਤੇ ਅਵਰੋਹ ਵਿੱਚ ਸੱਤ ਸੁਰ ਵਕਰ ਢੰਗ ਨਾਲ ਵਰਤੇ ਜਾਂਦੇ ਹਨ

**ਥਾਟ** - ਬਿਲਾਵਲ

**ਜਾਤੀ** - ਸ਼ਾੜਵ-ਸੰਪੂਰਨ

**ਵਾਦੀ** - ਮਧਿਅਮ

**ਸੰਵਾਦੀ** - ਸ਼ੜਜ਼

**ਸਮਾਂ** - ਦਿਨ ਦਾ ਪਹਿਲਾ ਪਹਿਰ

ਆਰੋਹ - ਸ ਗ, ਮ ਰੇ ਸ, ਗ ਮ ਧ, ਨੀ ਸੰ
ਅਵਰੋਹ - ਸੰ ਨੀ ਧ ਪ, ਧ ਮ, ਪ ਗ, ਮ ਰੇ, ਸ
ਮੁੱਖ ਅੰਗ - ਗ ਮ ਧ ਪ ਮ, ਪ ਗ, ਮ ਰੇ, ਸ

22. **ਬਿਲਾਵਲੁ ਗੋਂਡ** *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮੭੪*

ਸੁਰ - ਸ਼ੁੱਧ
ਥਾਟ - ਬਿਲਾਵਲ
ਜਾਤੀ - ਸੰਪੂਰਨ-ਵਕਰ ਸੰਪੂਰਨ
ਵਾਦੀ - ਗੰਧਾਰ
ਸੰਵਾਦੀ - ਧੈਵਤ
ਸਮਾਂ - ਦਿਨ ਦਾ ਦੂਜਾ ਪਹਿਰ
ਆਰੋਹ - ਸ ਰੇ ਗ ਮ ਪ, ਧ ਨੀ ਸੰ
ਅਵਰੋਹ - ਸੰ ਨੀ ਧ ਨੀ ਪ, ਮ ਗ ਰੇ ਮ ਗ, ਪ ਰੇ ਸ
ਮੁੱਖ ਅੰਗ - ਸ ਰੇ ਗ ਮ ਪ, ਗ ਰੇ ਮ ਗ, ਪ ਰੇ ਸ

23. **ਰਾਮਕਲੀ ਦਖਣੀ** *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੦੭*

ਸੁਰ - ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ, ਬਾਕੀ ਸ਼ੁੱਧ
ਵਰਜਿਤ ਸੁਰ - ਆਰੋਹ ਵਿੱਚ ਮਧਿਅਮ
ਥਾਟ - ਭੈਰਵ
ਜਾਤੀ - ਸ਼ਾੜਵ-ਸੰਪੂਰਨ
ਵਾਦੀ - ਪੰਚਮ
ਸੰਵਾਦੀ - ਰਿਸ਼ਭ
ਸਮਾਂ - ਰਾਤ ਦਾ ਪਹਿਲਾ ਪਹਿਰ
ਆਰੋਹ - ਸ ਰੇ̲ ਗ ਪ, ਧ̲ ਪ, ਧ̲ ਨੀ ਸੰ
ਅਵਰੋਹ - ਸੰ ਨੀ ਧ̲ ਪ, ਮ̍ ਗ, ਰੇ̲, ਸ
ਮੁੱਖ ਅੰਗ - ਰੇ̲, ਗ ਪ, ਧ̲ ਪ, ਮ̍ ਗ ਰੇ̲, ਸ

24. **ਨਟ** *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੭੫*

ਸੁਰ - ਸ਼ੁੱਧ

ਥਾਟ - ਬਿਲਾਵਲ

ਜਾਤੀ - ਸੰਪੂਰਨ–ਵਕਰ ਸੰਪੂਰਨ

ਵਾਦੀ - ਮਧਿਅਮ

ਸੰਵਾਦੀ - ਸ਼ੜਜ਼

ਸਮਾਂ - ਰਾਤ ਦਾ ਦੂਜਾ ਪਹਿਰ

ਆਰੋਹ - ਸ, ਗ ਮ, ਪ ਗ ਮ, ਰੇ ਗ ਮ ਪ, ਧ ਨੀ ਸਂ

ਅਵਰੋਹ - ਸਂ ਧ, ਨੀ ਪ, ਮ ਗ, ਰੇ ਗ, ਮ ਪ, ਸ ਰੇ ਸ

ਮੁੱਖ ਅੰਗ - ਸ ਗ ਮ, ਮ ਪ ਮ, ਗ ਮ, ਰੇ ਗ ਮ ਪ, ਸ ਰੇ ਸ

25. **ਮਾਰੂ ਕਾਫ਼ੀ** *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੧੪*

ਸੁਰ - ਦੋਵੇਂ ਗੰਧਾਰ, ਦੋਵੇਂ ਮਧਿਅਮ, ਦੋਵੇਂ ਨਿਸ਼ਾਦ, ਬਾਕੀ ਸ਼ੁੱਧ

ਥਾਟ - ਕਾਫ਼ੀ

ਜਾਤੀ - ਸੰਪੂਰਨ

ਵਾਦੀ - ਪੰਚਮ

ਸੰਵਾਦੀ - ਸ਼ੜਜ਼

ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ ਗ ਮ ਪ, ਪ ਮ॑ ਪ, ਧ ਮ ਪ, ਧ ਸਂ ਨੀ ਸਂ

ਅਵਰੋਹ - ਸਂ ਨ̱ੀ ਧ ਪ, ਧ ਪ ਗ̱ ਰੇ, ਪ ਗ̱ ਰੇ ਨ̱̣ੀ ਸ

ਮੁੱਖ ਅੰਗ - ਸ ਗ ਮ ਪ, ਪ ਧ ਪ ਗ ਮ॑ ਪ ਮ, ਪ ਮ॑ ਪ, ਨ̱ੀ ਧ ਪ, ਮ ਪ ਗ̱ ਰੇ ਸ

26. **ਮਾਰੂ ਦਖਣੀ** *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੩੩*

ਸੁਰ - ਰਿਸ਼ਭ, ਧੈਵਤ ਕੋਮਲ, ਬਾਕੀ ਸ਼ੁੱਧ

ਵਰਜਿਤ ਸੁਰ – ਆਰੋਹ ਵਿੱਚ ਰਿਸ਼ਭ

ਜਾਤੀ - ਸ਼ਾੜਵ ਸੰਪੂਰਨ

ਵਾਦੀ - ਧੈਵਤ

ਸੰਵਾਦੀ - ਰਿਸ਼ਭ

ਸਮਾਂ - ਦਿਨ ਦਾ ਪਹਿਲਾ ਪਹਿਰ

ਆਰੋਹ - ਸ ਗ, ਮ ਪ ਧ̱, ਨੀ ਧ̱ ਪ, ਸਂ

ਅਵਰੋਹ - ਸਂ ਨੀ ਧ̱, ਪ, ਮ ਧ̱ ਮ ਪ, ਮ ਗ ਰ̱ੇ ਸ

ਮੁੱਖ ਅੰਗ - ਨੀ ਧ̱, ਪ, ਮ ਧ̱ ਮ ਪ, ਮ ਗ ਰੇ̱, ਸ

27. **ਬਸੰਤ ਹਿੰਡੋਲੁ** *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੭੦*

**ਸੁਰ** - ਦੋਵੇਂ ਮਧਿਅਮ, ਵਾਦੀ

**ਵਰਜਿਤ ਸੁਰ** - ਰਿਸ਼ਭ

**ਥਾਟ** - ਪੂਰਵੀ-ਮਾਰਵਾ

**ਜਾਤੀ** - ਵਕਰ ਸ਼ਾੜਵ-ਔੜਵ

**ਵਾਦੀ** - ਮਧਿਅਮ

**ਸੰਵਾਦੀ** - ਸ਼ੜਜ਼

**ਸਮਾਂ** - ਬਸੰਤ ਰੁੱਤ ਅਤੇ ਦਿਨ ਦਾ ਪਹਿਲਾ ਪਹਿਰ

**ਆਰੋਹ** - ਸ ਗ ਮ, ਧ ਪ ਮ, ਗ ਮ ਧ ਨੀ ਸਂ

**ਅਵਰੋਹ** - ਸਂ ਨੀ ਧ, ਮ॑ ਗ, ਸ

**ਮੁੱਖ ਅੰਗ** - ਸ ਗ ਮ, ਧ ਪ ਮ, ਨੀ ਧ ਮ॑ ਗ, ਮ॑ ਗ ਸ

28. **ਕਲਿਆਣ ਭੁਪਾਲੀ** *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੨੧*

**ਸੁਰ** - ਮਧਿਅਮ ਤੀਵਰ, ਬਾਕੀ ਸ਼ੁੱਧ

**ਵਰਜਿਤ ਸੁਰ** - ਅਵਰੋਹ ਵਿੱਚ ਮਧਿਅਮ ਅਤੇ ਨਿਸ਼ਾਦ

**ਜਾਤੀ** - ਸੰਪੂਰਨ-ਔੜਵ

**ਵਾਦੀ** - ਗੰਧਾਰ

**ਸੰਵਾਦੀ** - ਨਿਸ਼ਾਦ

**ਸਮਾਂ** - ਰਾਤ ਦਾ ਪਹਿਲਾ ਪਹਿਰ

**ਆਰੋਹ** - ਸ, ਨ਼ੀ ਰੇ ਗ, ਮ॑ ਪ, ਮ॑ ਧ ਨੀ ਸਂ

**ਅਵਰੋਹ** - ਸਂ, ਧ ਪ, ਗ, ਰੇ ਸ

**ਮੁੱਖ ਅੰਗ** - ਨ਼ੀ ਰੇ ਗ, ਗ ਮ॑ ਧ ਪ, ਧ ਪ ਗ, ਰੇ ਸ

29. **ਪ੍ਰਭਾਤੀ ਬਿਭਾਸ** *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੨੭*

**ਸੁਰ** - ਦੋਵੇਂ ਰਿਸ਼ਭ, ਦੋਵੇਂ ਧੈਵਤ, ਬਾਕੀ ਸ਼ੁੱਧ

**ਵਰਜਿਤ ਸੁਰ** - ਆਰੋਹ ਵਿੱਚ ਮਧਿਅਮ, ਅਵਰੋਹ ਵਿੱਚ ਮਧਿਅਮ ਅਤੇ ਨਿਸ਼ਾਦ

**ਜਾਤੀ** - ਸ਼ਾੜਵ-ਔੜਵ

ਵਾਦੀ - ਪੰਚਮ

ਸੰਵਾਦੀ - ਸ਼ੜਜ਼

ਸਮਾਂ - ਦਿਨ ਦਾ ਪਹਿਲਾ ਪਹਿਰ

ਆਰੋਹ - ਸ ਰੇ ਗ ਪ ਧ, ਨੀ ਧ ਨੀ –ਪ, ਧ ਸਂ

ਅਵਰੋਹ - ਸਂ ਧੁ ਪ, ਗ ਰੁੇ ਸ

ਮੁੱਖ ਅੰਗ - ਨੀ ਧ ਨੀ – ਪ, ਗ ਪ ਧੁ ਪ, ਗ ਰੁੇ ਸ

## 30. ਬਿਭਾਸ ਪ੍ਰਭਾਤੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੪੭*

ਸੁਰ - ਦੋਵੇਂ ਰਿਸ਼ਭ, ਦੋਵੇਂ ਧੈਵਤ, ਬਾਕੀ ਸ਼ੁੱਧ

ਵਰਜਿਤ ਸੁਰ - ਆਰੋਹ ਵਿੱਚ ਮਧਿਅਮ ਤੇ ਨਿਸ਼ਾਦ, ਅਵਰੋਹ ਵਿੱਚ ਮਧਿਅਮ

ਜਾਤੀ - ਔੜਵ–ਸ਼ਾੜਵ

ਵਾਦੀ - ਪੰਚਮ

ਸੰਵਾਦੀ - ਸ਼ੜਜ਼

ਸਮਾਂ - ਦਿਨ ਦਾ ਪਹਿਲਾ ਪਹਿਰ

ਆਰੋਹ - ਸ, ਰੁੇ ਗ ਪ, ਧੁ ਸਂ

ਅਵਰੋਹ - ਸਂ, ਨੀ ਧ ਨੀ ਪ, ਗ ਰੇ ਸ

ਮੁੱਖ ਅੰਗ - ਰੁੇ ਗ ਪ ਧੁ ਪ ਧੁ, ਸਂ ਨੀ ਧ ਨੀ – ਪ, ਗ ਰੇ ਸ

## 31. ਪ੍ਰਭਾਤੀ ਦਖਣੀ *(ਰਾਗ ਪ੍ਰਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੪੮*

ਸੁਰ - ਗੰਧਾਰ ਧੈਵਤ ਕੋਮਲ ਬਾਕੀ ਸ਼ੁੱਧ

ਵਰਜਿਤ ਸੁਰ - ਆਰੋਹ ਵਿੱਚ ਧੈਵਤ, ਨਿਸ਼ਾਦ

ਜਾਤੀ - ਔੜਵ–ਸੰਪੂਰਨ

ਵਾਦੀ - ਧੈਵਤ

ਸੰਵਾਦੀ - ਗੰਧਾਰ

ਸਮਾਂ - ਦਿਨ ਦਾ ਪਹਿਲਾ ਪਹਿਰ

ਆਰੋਹ - ਸ, ਮ ਰੇ, ਗੁ ਮ ਪ, ਨੁੀ ਧੁ ਪ, ਸਂ

ਅਵਰੋਹ - ਸਂ ਨੁੀ ਧੁ, ਪ ਮ ਗੁ, ਰੇ ਸ

ਮੁੱਖ ਅੰਗ - ਸ, ਮ ਰੇ, ਗੁ ਮ ਪ, ਨੁੀ ਧੁ ਪ

# ਵਿਸਮਾਦੁ ਨਾਦ ਦੁਆਰਾ ਪ੍ਰਕਾਸ਼ਿਤ ਪੁਸਤਕਾਂ

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨੁੱਖਤਾ ਨੂੰ ਦੇਣ (Seminar Proceedings)
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨੁੱਖਤਾ ਨੂੰ ਦੇਣ - ਭਾਗ ਦੂਜਾ (Seminar Proceedings)
3. ਤੂੰ ਸਾਂਝਾ ਸਾਹਿਬ ਬਾਪ ਹਮਾਰਾ
4. **The Message of Sri Guru Granth Sahib *A Post Modern View: Dr. Gurbhagat Singh***
5. ਸਵੈ ਪ੍ਰਕਾਸ਼ : ਪ੍ਰਵਚਨ ਸੰਤ ਬਾਬਾ ਸੁੱਚਾ ਸਿੰਘ ਜੀ
6. ਮਿਲਬੇ ਕੀ ਮਹਿਮਾ : ਪ੍ਰਵਚਨ: ਸੰਤ ਬਾਬਾ ਸੁੱਚਾ ਸਿੰਘ ਜੀ - ਭਾਈ ਸੁਖਵੰਤ ਸਿੰਘ
7. ਸਿੱਖ ਕੌਣ? ਡਾ. ਦਰਸ਼ਨ ਸਿੰਘ, ਚੰਡੀਗੜ੍ਹ
8. ਸੰਤ ਬਾਬਾ ਸੁੱਚਾ ਜੀ ਦੀ ਧਰਮ ਅਤੇ ਸੰਸਕ੍ਰਿਤੀ ਨੂੰ ਦੇਣ-ਡਾ. ਗੁਰਭਗਤ ਸਿੰਘ (Seminar Proceedings)
9. ਜਫ਼ਰਨਾਮਾ ਅਰਥਾਤ ਵਿਜੈ-ਪੱਤਰ - ਡਾ. ਜਸਵੰਤ ਸਿੰਘ ਭੋਰ
10. ਸਭੈ ਘਟ ਰਾਮ ਬੋਲੈ - ਹਿੰਦੀ ਐਡੀਸ਼ਨ-ਡਾ. ਜੋਧ ਸਿੰਘ ਪਟਿਆਲਾ
11. ਗੁਰੂ ਅਰਜਨ ਦੇਵ ਜੀ -ਜੀਵਨ ਤੇ ਸ਼ਖ਼ਸੀਅਤ (ਡਾ. ਜਸਬੀਰ ਕੌਰ ਪਟਿਆਲਾ
12. **A Word called Adi Sri Guru Granth Sahib**
13. ਜਗਤ ਗੁਰੂ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਡਾ. ਮੇਜਰ ਸਿੰਘ, ਲੁਧਿਆਣਾ
14. ਸਿਮ੍ਰਤੀ: ਸੰਤ ਬਾਬਾ ਸੁੱਚਾ ਸਿੰਘ ਜੀ
15. ਸ਼ਬਦ : ਵਿਭਿੰਨ ਧਰਮਾਂ ਵਿਚ ਸ਼ਬਦ ਦਾ ਸੰਕਲਪ: (Seminar Proceedings)
16. ਮਰਿਯਾਦਾ ਪੁਰਸ਼ੋਤਮ: ਸੰਤ ਬਾਬਾ ਸੁੱਚਾ ਸਿੰਘ ਜੀ - ਜੀਵਨੀ - ਪ੍ਰਿੰ. ਨਰਿੰਦਰ ਸਿੰਘ ਸੋਚ
17. ਉਤਰ ਆਧੁਨਿਕ ਸਮੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੌਰਵ - ਡਾ. ਗੁਰਭਗਤ ਸਿੰਘ ਪਟਿਆਲਾ
18. ਸਤਿਗੁਰ ਦੇਉ ਪਰਤਖਿ ਹਰਿ ਮੂਰਤਿ
19. ਸ਼ਬਦ ਗੁਰੂ ਰਹੱਸ - ਡਾ. ਐਸ.ਐਸ. ਨਰੂਲਾ
20. **When Light Kindles Light- *Sikh View of Time & Death (Seminar Proceedings) - Dr. Gurbhagat Singh***
21. ਪੁਣਛ ਤੇ ਕਸ਼ਮੀਰ ਦੇ ਮਹਾਂਪੁਰਸ਼ - ਸੰਪਾਦਕ : ਪਰਮਜੀਤ ਸਿੰਘ ਪੰਮੀ

# ਗੁਰਮਤਿ ਸੰਗੀਤ ਦੀਆਂ ਪ੍ਰਕਾਸ਼ਨਾਵਾਂ

## ਪ੍ਰਿੰ. ਸੁਖਵੰਤ ਸਿੰਘ ਦੁਆਰਾ ਸੰਪਾਦਤ ਪੁਸਤਕਾਂ

1. ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ - ਭਾਗ ਪਹਿਲਾ (ਪੰਜਾਬੀ, ਹਿੰਦੀ, ਅੰਗਰੇਜ਼ੀ) -

   ਸ਼ੁੱਧ ਰਾਗਾਂ ਅਤੇ ਮਿਸ਼ਰਤ ਰਾਗ ਸਰੂਪਾਂ ਦੀਆਂ ਸੁਰ ਲਿਪੀਆਂ
2. ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ - ਭਾਗ ਦੂਜਾ (ਪੰਜਾਬੀ, ਹਿੰਦੀ)
3. ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ - ਭਾਗ ਤੀਜਾ (ਪੰਜਾਬੀ) - 55 ਪੜਤਾਲਾਂ ਦੀ ਸੁਰ ਲਿਪੀ
4. 31 ਮੁੱਖ ਰਾਗ - ਸ੍ਰੀ ਗੁਰੂ ਗ੍ਰੰਥ ਸਾਹਿਬ - ਸੁਰ ਲਿਪੀ, ਜਵੱਦੀ ਟਕਸਾਲ ਸਿਲੇਬਸ
5. ਰਾਗ ਸਰੂਪ ਨਿਰਣੈ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੰਜਾਬੀ, ਹਿੰਦੀ, ਅੰਗਰੇਜ਼ੀ)

---

6. ਰਾਗ ਨਾਦ ਸ਼ਬਦ ਸੋਹਣੇ - ਡਾ. ਬਲਵੰਤ ਸਿੰਘ ਲੁਧਿਆਣਾ
7. ਗਉੜੀ ਰਾਗ ਸੁਲੱਖਣੀ - ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ
8. ਕੀਰਤਨ ਵਿਸ਼ੇਸ਼ ਅੰਕ - ਡਾ. ਜਸਬੀਰ ਕੌਰ ਪਟਿਆਲਾ